# ਅਧਿਆਇ 6

# ਦੋਸ਼ ਦੀਆਂ ਭੇਟਾਂ (ਚੱਲਦਾ) ਅਤੇ ਭੇਟਾਂ ਸਬੰਧੀ ਵਾਧੂ ਹਦਾਇਤਾਂ

ਅਗਲੇ ਭਾਗ ਵਿਚ ਵੱਖੋ-ਵੱਖ ਤਰ੍ਹਾਂ ਦੀਆਂ ਭੇਟਾਂ (ਹੋਮ, ਮੈਦੇ, ਪਾਪ, ਦੋਸ਼ ਅਤੇ ਸੁਖ ਸਾਂਦ ਦੀਆਂ ਭੇਟਾਂ) ਵਿਚ ਯਾਜਕਾਂ ਦੇ ਯੋਗਦਾਨ ਦੀ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਪਰਮੇਸ਼ੁਰ ਨੇ ਅਧਿਆਇ 5 ਵਿਚ ਸ਼ੁਰੂ ਕੀਤੀ ਦੋਸ਼ ਬਲੀ ਦੇ ਆਪਣੇ ਵੇਰਵੇ ਨੂੰ ਪੂਰਿਆਂ ਕੀਤਾ।

## ਉਨ੍ਹਾਂ ਪਾਪਾਂ ਲਈ ਦੋਸ਼ ਬਲੀਆਂ ਜਿਨ੍ਹਾਂ ਵਿਚ ਦੂਜਿਆਂ ਦੀ ਜਾਇਦਾਦ ਸ਼ਾਮਿਲ ਹੋਵੇ (6:1-7)

**[1]ਯਹੋਵਾਹ ਮੂਸਾ ਨੂੰ ਬੋਲਿਆ ਕਿ [2]ਜੇ ਕੋਈ ਪ੍ਰਾਣੀ ਪਾਪ ਕਰੇ ਅਤੇ ਯਹੋਵਾਹ ਦੇ ਅੱਗੇ ਦੋਸ਼ ਕਰੇ ਅਤੇ ਉਸ ਵਿੱਚ ਜੋ ਉਸ ਕੋਲ ਗਹਿਣਾ ਰੱਖਿਆ ਸੀ, ਆਪਣੇ ਗੁਆਂਢੀ ਨੂੰ ਝੂਠ ਆਖੇ, ਯਾ ਵਹਦੇ ਵਿੱਚ, ਯਾ ਠੱਗੀ ਵਿੱਚ ਯਾ ਆਪਣੇ ਗੁਆਂਢੀ ਨਾਲ ਸਖ਼ਤੀ ਕੀਤੀ ਹੋਵੇ [3]ਯਾ ਉਸ ਵਸਤ ਨੂੰ ਜਿਹੜੀ ਗੁਆਚ ਗਈ ਹੋਵੇ ਲਭੇ ਅਤੇ ਉਸ ਦੇ ਉੱਤੇ ਝੂਠ ਆਖੇ ਅਤੇ ਝੂਠ ਦੀ ਸਹੁੰ ਚੁੱਕੇ, ਇਨ੍ਹਾਂ ਸਭਨਾਂ ਗੱਲਾਂ ਵਿੱਚ ਮਨੁੱਖ ਪਾਪ ਜੋ ਕਰੇ [4]ਤਾਂ ਅਜਿਹਾ ਹੋਵੇਗਾ, ਇਸ ਲਈ, ਜੋ ਉਸ ਨੇ ਪਾਪ ਕੀਤਾ ਅਤੇ ਦੋਸ਼ੀ ਹੋਇਆ ਤਾਂ ਉਸ ਵਸਤ ਨੂੰ ਜੋ ਉਸ ਨੇ ਖੋਹ ਲਈ ਸੀ, ਯਾ ਉਹ ਵਸਤ ਜੋ ਉਸ ਨੂੰ ਛਲ ਨਾਲ ਮਿਲੀ ਹੈ, ਯਾ ਉਹ ਜੋ ਉਸ ਦੇ ਕੋਲ ਅਮਾਨ ਰੱਖਿਆ ਹੈ, ਯਾ ਉਹ ਗੁਆਚੀ ਹੋਈ ਵਸਤ ਜੋ ਉਸ ਨੇ ਲੱਭੀ ਹੈ ਸੋ ਮੋੜ ਦੇਵੇ [5]ਯਾ ਉਹ ਸਾਰਾ ਜਿਸ ਦੇ ਵਿੱਚ ਉਸ ਨੇ ਝੂਠੀ ਸਹੁੰ ਚੁੱਕੀ ਉਹ ਉਸ ਨੂੰ ਓਸੇ ਤਰਾਂ ਸਾਰਾ ਮੋੜ ਦੇਵੇ ਅਤੇ ਉਸ ਦੇ ਨਾਲ ਭੀ ਇੱਕ ਪੰਜਵਾਂ ਹਿੱਸਾ ਹੋਰ ਪਾ ਕੇ ਉਸ ਨੂੰ ਜਿਸ ਦਾ ਹੈ ਦੇ ਦੇਵੇ, ਆਪਣੀ ਪਾਪ ਦੀ ਭੇਟ ਦੇ ਦਿਹਾੜੇ ਵਿੱਚ [6]ਅਤੇ ਉਹ ਆਪਣੇ ਦੋਸ਼ ਦੀ ਭੇਟ ਵਿੱਚ ਯਹੋਵਾਹ ਦੇ ਅੱਗੇ ਇੱਜੜ ਵਿੱਚੋਂ ਬੱਜ ਤੋਂ ਰਹਿਤ ਇੱਕ ਛੱਤ੍ਰਾ ਤੇਰੇ ਮੁੱਲ ਦੇ ਅਨੁਸਾਰ ਦੋਸ਼ ਦੀ ਭੇਟ ਕਰਕੇ ਜਾਜਕ ਦੇ ਕੋਲ ਲਿਆਵੇ [7]ਅਤੇ ਜਾਜਕ ਉਸ ਦੇ ਲਈ ਯਹੋਵਾਹ ਦੇ ਅੱਗੇ ਪ੍ਰਾਸਚਿਤ ਕਰੇ ਅਤੇ ਜਿਸ ਦੇ ਵਿੱਚ ਉਸ ਨੇ ਪਾਪ ਕੀਤਾ ਹੈ, ਸੋ ਸਭ ਕੁਝ ਦੀ ਖਿਮਾ ਉਸ ਨੂੰ ਹੋ ਜਾਵੇਗੀ।**

**ਆਇਤ 1.** ਅਧਿਆਇ 6 ਦੋਸ਼ ਬਲੀ ਦੀਆਂ ਹਦਾਇਤਾਂ ਨੂੰ ਅੱਗੇ ਦੱਸਦਾ ਹੈ ਪਰ ਇਹ **ਯਹੋਵਾਹ ਮੂਸਾ ਨੂੰ ਬੋਲਿਆ** ਦੇ ਫ਼ਾਰਮੂਲੇ ਨਾਲ ਇਕ ਨਵੇਂ ਵਿਸ਼ੇ ਜਾਂ ਘੱਟੋ-ਘੱਟ ਵਿਸ਼ੇ ਦੇ ਇਕ ਨਵੇਂ ਪਹਿਲੂ ਨੂੰ ਵਿਖਾਉਂਦਾ ਹੈ। ...[1] ਇਨ੍ਹਾਂ ਆਇਤਾਂ ਵਿਚ ਸ਼ੁਰੂ ਹੋਈ ਚਰਚਾ ਯਹੋਵਾਹ ਦੇ ਪਿਛਲੇ ਵਿਸ਼ੇ ਨਾਲ ਮੇਲ ਵੀ ਖਾਂਦੀ ਹੈ ਅਤੇ ਉਸ ਤੋਂ ਫ਼ਰਕ ਵੀ ਹੈ।

ਇਹ ਹਵਾਲਾ ਇਸ ਗੱਲ ਵਿਚ 5:15-19 ਦੇ ਵਰਗਾ ਹੈ ਕਿ ਇਸ ਵਿਚ ਦੋਸ਼ ਬਲੀਆਂ ਦੀ ਗੱਲ ਹੈ ਅਤੇ ਇਕ ਪਾਪ ਸ਼ਾਮਿਲ ਹੈ ਜਿਹਦੇ ਲਈ ਮੁਆਵਜ਼ਾ ਦਿੱਤਾ ਜਾਣਾ ਜ਼ਰੂਰੀ ਸੀ। ਫ਼ਰਕ ਇਸ ਗੱਲ ਵਿਚ ਹੈ ਕਿ ਇਹ ਕਿਸੇ ਦੀ ਜਾਇਦਾਦ ਉੱਤੇ ਨਜਾਇਜ਼ ਕਬਜ਼ਾ ਕੀਤੇ ਜਾਣ ਨਾਲ ਨਜਿੱਠਦੀ ਹੈ। ਨਾਲੇ ਇਹ ਫ਼ਰਕ ਇਸ ਗੱਲ ਵਿਚ ਵੀ ਹੈ ਕਿ ਇਸ ਹਵਾਲੇ ਵਿਚ ''ਅਣਜਾਣ ਹੋ ਕੇ'' ਸ਼ਬਦ

ਨਹੀਂ ਮਿਲਦਾ। 6:2–5 ਵਿਚ ਆਪਣੇ ਗੁਆਂਢੀ ਨਾਲ ਧੋਖਾ ਕਰਨ, ਝੂਠ ਬੋਲਣ, ਯਾ ਠੱਗੀ ਕਰਨ ਯਾ ਸਖ਼ਤੀ ਕਰਨ ਦੇ ਪਾਪਾਂ ਵਾਲੇ ਕੰਮਾਂ ਨੂੰ ਹੋਰਨਾਂ ਪਾਪਾਂ ਦੇ ਵਰਣਨ ਵਰਤੇ ਗਏ ਵਿਸ਼ੇਸ਼ਣ ਲਈ ''ਅਣਜਾਣ ਹੋ ਕੇ'' ਕਿਵੇਂ ਕਿਹਾ ਜਾ ਸਕਦਾ ਹੈ ਜਿਨ੍ਹਾਂ ਲਈ ''ਪਾਪ ਦੀਆਂ ਭੇਟਾਂ'' ਅਤੇ ''ਦੋਸ਼ ਦੀਆਂ ਭੇਟਾਂ'' ਚੜ੍ਹਾਉਣੀਆਂ ਦੱਸੀਆਂ ਗਈਆਂ ਸਨ? ਇਸ ਦਾ ਜਵਾਬ ਦੇਣ ਲਈ ਇਹ ਵਿਚਾਰ ਕਰਨਾ ਜ਼ਰੂਰੀ ਹੈ ਕਿ ਇਹ ਹਵਾਲਾ ਦੋਸ਼ ਦੀ ਭੇਟ ਲਈ ਦੱਸੇ ਗਏ ਹਾਲਾਤ ਬਾਰੇ ਕੀ ਆਖਦਾ ਹੈ।

**ਆਇਤਾਂ 2-7.** ਇਨ੍ਹਾਂ ਪਾਪਾਂ ਦੇ ਆਮ ਲੱਛਣ ਕੀ ਹਨ? ਆਇਤ 2 ਪਾਠਕ ਨੂੰ ਇਹ ਦੱਸਣ ਨਾਲ ਸ਼ੁਰੂ ਹੁੰਦੀ ਹੈ ਕਿ ਦੂਜੇ ਲੋਕਾਂ ਦੇ ਵਿਰੁੱਧ ਕੀਤੇ ਗਏ ਪਾਪ ਯਹੋਵਾਹ ਦੇ ਵਿਰੁੱਧ ਪਾਪ ਹੀ ਸਨ। ਗੁਆਂਢੀ ਦੇ ਖ਼ਿਲਾਫ਼ ਕੀਤੇ ਗਏ ਪਾਪ ਅਤੇ ਯਹੋਵਾਹ ਦੀਆਂ ''ਪਵਿੱਤਰ ਗੱਲਾਂ'' ਦੇ ਖ਼ਿਲਾਫ਼ ਕੀਤੇ ਗਏ ਪਾਪ ਦੇ ਵੇਰਵੇ ਲਈ ਉਹੀ ਸ਼ਬਦ ਵਰਤੇ ਗਏ ਹਨ। 5:15 ਵਿਚ ਜਿੱਥੇ ''ਜੇ ਕੋਈ ਪ੍ਰਾਣੀ ਦੋਸ਼ ਕਰੇ ਅਤੇ ਯਹੋਵਾਹ ਦੀਆਂ ਪਵਿੱਤਰ ਗੱਲਾਂ ਵਿੱਚ ਅਣਜਾਣ ਹੋਕੇ ਪਾਪ ਕਰੇ ...'' ਹੈ ਉੱਥੇ ਹੀ 6:2 ਆਖਦਾ ਹੈ, **ਜੇ ਕੋਈ ਪ੍ਰਾਣੀ ਪਾਪ ਕਰੇ ਅਤੇ ਯਹੋਵਾਹ ਦੇ ਅੱਗੇ ਦੋਸ਼ ਕਰੇ।** ... ਨਾਲੇ ਯਹੋਵਾਹ ਦੀਆਂ ਹਦਾਇਤਾਂ ਉਸ ਸਬੰਧ ਉੱਤੇ ਜ਼ੋਰ ਦਿੰਦੀਆਂ ਹਨ ਜਿਹੜਾ ਉਸ ਦਾ ਉਸ ਵਿਅਕਤੀ ਨਾਲ ਹੈ ਜਿਸ ਦੀ ਚੋਰੀ ਹੋਈ ਹੈ। ਜਿਸ ਦਾ ਨੁਕਸਾਨ ਹੋਇਆ ਹੈ ਉਹਨੂੰ ਲੁੱਟਣ ਵਾਲੇ ਦਾ **ਗੁਆਂਢੀ**, ''ਸਾਥੀ'' (NASB), ਜਾਂ ਉਸ ਦਾ ''ਹਮਵਤਨ'' (REB) ਦੱਸਿਆ ਗਿਆ ਹੈ ਜੋ ਇਹ ਅਰਥ ਦਿੰਦਾ ਹੈ ਕਿ ਉਹ ਚੋਰ ਦਾ ਕਰੀਬੀ ਹੈ। ਬੇਸ਼ੱਕ ਸਭ ਇਸਰਾਏਲੀ ਇਕ ਦੂਜੇ ਦੇ ਕਰੀਬੀ ਹੀ ਸਨ। ਉਹ ਇੱਕੋ ਪਰਿਵਾਰ ਦੇ ਭਰਾਵਾਂ ਵਰਗੇ ਸਨ ਅਤੇ ਪਰਿਵਾਰ ਦੇ ਕਿਸੇ ਦੀ ਚੋਰੀ ਕਰਨਾ ਖ਼ਾਸ ਤੌਰ ਤੇ ਬੇਤੁਕਾ (ਅਤੇ ਗ਼ਲਤ ਵੀ) ਲਗਦਾ ਹੈ।

*ਕਿਹੋ ਜਿਹੇ ਪਾਪ ਮਾਫ਼ ਕੀਤੇ ਜਾਣਾ ਜ਼ਰੂਰੀ ਸੀ?* ਆਇਤਾਂ 2 ਤੋਂ 5 ਉਨ੍ਹਾਂ ਕਈ ਤਰੀਕਿਆਂ ਬਾਰੇ ਦੱਸਦੀਆਂ ਹਨ ਜਿਨ੍ਹਾਂ ਨਾਲ ਕੋਈ ਕਿਸੇ ਦੀ ਜਾਇਦਾਦ ਨਜਾਇਜ਼ ਅਤੇ ਪਾਪ ਭਰੇ ਤਰੀਕੇ ਨਾਲ ਲੈ ਸਕਦਾ ਸੀ। (1) ਹੋ ਸਕਦਾ ਹੈ ਕਿ ਉਸ ਨੇ ਕਿਸੇ ਦੀ ਚੀਜ਼ **ਉਸ ਕੋਲ ਗਹਿਣੇ ਰੱਖੀ** ਹੋਵੇ ਅਤੇ ਉਹ ਉਹਨੂੰ ਜਿਸ ਨੇ ਉਸ ਦੇ ਸਪੁਰਦ ਕੀਤੀ ਸੀ, ਮੋੜ ਨਾ ਸਕਿਆ ਹੋਵੇ। (2) ਉਸ ਨੇ **ਠੱਗੀ** ਨਾਲ ਕੋਈ ਚੀਜ਼ ਲੈ ਲਈ ਹੋ ਸਕਦੀ ਹੈ। (3) ਉਸ ਨੇ **ਸਖ਼ਤੀ** ਨਾਲ ਨਜਾਇਜ਼ ਤਰੀਕੇ ਨਾਲ ਪੈਸਾ ਲੈ ਲਿਆ ਹੋ ਸਕਦਾ ਹੈ। (4) ਹੋ ਸਕਦਾ ਹੈ ਉਹਨੂੰ ਕਿਸੇ ਦੀ ਗੁਆਚੀ ਚੀਜ਼ ਲੱਭੀ ਹੋਵੇ[2] ਅਤੇ ਉਹ ਉਸ ਨੇ ਰੱਖ ਲਈ ਹੋਵੇ। ਜਦ ਉਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਝੂਠ ਬੋਲ ਕੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਹਨੂੰ ਇਸ ਦਾ ਪਤਾ ਹੈ, ਇੱਥੋਂ ਤਕ ਕਿ ਸਹੁੰ ਵੀ ਖਾ ਲਈ ਕਿ ਉਸ ਦੇ ਕੋਲ ਹੈ ਹੀ ਨਹੀਂ। ਇਸ ਤਰ੍ਹਾਂ ਨਾਲ ਉਸ ਨੇ **ਝੂਠ ਦੀ ਸਹੁੰ** ਚੁੱਕੀ।

ਸੰਭਵ ਹੈ ਕਿ ਇਨ੍ਹਾਂ ਚਾਰੋ ਵੱਖੋ-ਵੱਖ ਤਰ੍ਹਾਂ ਦੀਆਂ ਗ਼ਲਤੀਆਂ ਨੂੰ ਧੋਖਾ ਦੇਣ, ਝੂਠ ਬੋਲਣ ਜਾਂ ਚੋਰੀ ਕਰਨ ਜਾਂ ਝੂਠੀ ਸਹੁੰ ਖਾਣ ਦੇ ਇੱਕੋ ਪਾਪ ਤੇ ਹੋਵੇ। ਲਿਸਟ ਸ਼ੁਰੂ ਹੁੰਦੀ ਹੈ, ''ਜੇ ਕੋਈ ਪ੍ਰਾਣੀ ... ਆਪਣੇ ਗੁਆਂਢੀ ਨੂੰ ਝੂਠ ਆਖੇ'' (6:2)। ਇਹ **ਯਾ ਉਸ ਵਸਤ ਨੂੰ ਜਿਹੜੀ ਗੁਆਚ ਗਈ ਹੋਵੇ ਲਭੇ ਅਤੇ ਉਸ ਦੇ ਉੱਤੇ ਝੂਠ ਆਖੇ ਅਤੇ ਝੂਠ ਦੀ ਸਹੁੰ ਚੁੱਕੇ** (6:3), ਸ਼ਬਦਾਂ ਨਾਲ ਜਾਰੀ ਰਹਿੰਦੀ ਹੈ ਅਤੇ **ਉਹ ਸਾਰਾ ਜਿਸ ਦੇ ਵਿੱਚ ਉਸ ਨੇ ਝੂਠੀ ਸਹੁੰ ਚੁੱਕੀ** (6:5) ਦੇ ਸ਼ਬਦਾਂ ਨਾਲ ਮੁੱਕਦੀ ਹੈ। ਇਸ ਕਰਕੇ ਇਹ ਨਿਚੋੜ ਕੱਢਣਾ ਸੰਭਵ ਹੈ ਕਿ ਸਹੁੰ ਆਮ ਤੌਰ ਤੇ ਯਹੋਵਾਹ ਦੇ ਨਾਂਅ ਦੀ ਖਾਧੀ ਜਾਂਦੀ ਸੀ ਅਤੇ ਇਸ ਕਰਕੇ ਇਹ ਸਭ ਪਾਪ ਵੀ ''ਯਹੋਵਾਹ ਦੀਆਂ ਪਵਿੱਤਰ ਗੱਲਾਂ'' ਦੇ ਵਿਰੁੱਧ ਹੀ ਸਨ। ਖ਼ਾਸਕਰ ਇਹ ਅਪਰਾਧ ਉਸ ਦੇ ਪਵਿੱਤਰ ਨਾਮ ਦੇ ਵਿਰੁੱਧ ਹੋਣਾ ਸੀ ਜਿਸ ਨੂੰ ਮਨੁੱਖਾਂ ਨੂੰ ''ਵਿਅਰਥ ਨਾਂਅ'' ਨਾ ਲੈਣ ਦਾ ਹੁਕਮ ਸੀ (ਕੂਚ 20:7)। ਉਦਾਹਰਣ ਲਈ ਜੌਨ ਐੱਚ. ਹੇਅਸ ਨੇ ਦਲੀਲ ਦਿੱਤੀ, ''6:1–7 ਦੇ ਮਾਮਲਿਆਂ ਵਿਚ ਬੇਕਸੂਰ ਹੋਣ ਦਾ ਦਾਅਵਾ ਕਰਕੇ ਯਹੋਵਾਹ ਦੇ ਨਾਂਅ ਦੀ ਸਹੁੰ ਖਾ ਕੇ ਧੋਖੇ ਨਾਲ ਕਬਜ਼ਾ ਕਰਨਾ ਸੀ।''[3] ਪਰ ਇਸ ਤੱਥ ਨੂੰ ਘੱਟ ਨਹੀਂ ਮੰਨਣਾ ਚਾਹੀਦਾ ਕਿ

ਇਨ੍ਹਾਂ ਸਭ ਮਾਮਲਿਆਂ ਵਿਚ ਪਾਪ ਭਾਵੇਂ ਪਰਮੇਸ਼ੁਰ ਦੇ ਵਿਰੁੱਧ ਕੀਤਾ ਗਿਆ ਪਰ ਪਹਿਲੀ ਨਜ਼ਰੇ ਇਹ ਮਨੁੱਖ ਦਾ ਸੀ।[4]

ਦੂਜਿਆਂ ਦੀ ਜਾਇਦਾਦ ਦੇ ਵਿਰੁੱਧ ਪਾਪਾਂ ਦੀ ਇਸ ਵਿਆਖਿਆ ਦੇ ਪਿੱਛੇ ਇਹ ਪ੍ਰਭਾਵਸ਼ਾਲੀ ਤੱਥ ਹੈ ਕਿ ਯਹੋਵਾਹ ਆਪਣੇ ਲੋਕਾਂ ਤੋਂ ਪੂਰੀ–ਪੂਰੀ ਈਮਾਨਦਾਰੀ ਦੀ ਮੰਗ ਕਰਦਾ ਸੀ। ''ਤੂੰ ਚੋਰੀ ਨਾ ਕਰ'' (ਕੂਚ 20:15) ਦਾ ਹੁਕਮ ਨਾ ਸਿਰਫ਼ ਲੁੱਟ ਤੋਂ ਰੋਕਦਾ ਸੀ ਬਲਕਿ ਇਹ ਇਕ ਇਸਰਾਏਲੀ ਲਈ *ਕਿਸੇ ਵੀ* ਤਰੀਕੇ ਨਾਲ ਕਿਸੇ ਹੋਰ ਦੀ ਚੀਜ਼ ਉੱਤੇ ਕਬਜ਼ਾ ਕਰਨ ਨੂੰ ਨਜਾਇਜ਼ ਠਹਿਰਾਉਂਦਾ ਸੀ। ਕਿਸੇ ਚੀਜ਼ ਦੀ ਚੋਰੀ ਕਰਕੇ ਹੋਵੇ, ਕਿਸੇ ਤੋਂ ਖੋਹ ਕੇ ਹੋਵੇ ਜਾਂ ਦੂਸਰਿਆਂ ਵੱਲੋਂ ਮਿਲੀ ਚੀਜ਼ ਨੂੰ ਆਪਣਾ ਬਣਾ ਕੇ ਹੋਵੇ ਜਾਂ ਕਿਸੇ ਦੀ ਗੁਆਚੀ ਚੀਜ਼ ਲੱਭਣ ਤੇ ਉਸ ਤੇ ਮੱਲ ਮਾਰ ਕੇ ਹੋਵੇ, ਬਿਨਾਂ ਇਜਾਜ਼ਤ ਕਿਸੇ ਦੀ ਜਾਇਦਾਦ ਉੱਤੇ ਹੱਕ ਜਤਾਉਣ ਵਾਲਾ ਕੋਈ ਵੀ ਵਿਅਕਤੀ ਪਾਪ ਕਰ ਰਿਹਾ ਹੁੰਦਾ ਸੀ।

*ਇਹੋ ਜਿਹੇ ਪਾਪ ਮਾਫ਼ ਕਿਵੇਂ ਹੋ ਸਕਦੇ ਸਨ?* ਜਦ ਕੋਈ ਕਿਸੇ ਹੋਰ ਦੀ ਜਾਇਦਾਦ ਉੱਤੇ ਨਜਾਇਜ਼ ਕਬਜ਼ਾ ਕਰਕੇ ਪਾਪ ਕਰੇ ਅਤੇ ਇਸ ਬਾਰੇ ਝੂਠ ਬੋਲੇ ਤਾਂ ਮਾਫ਼ੀ ਪਾਉਣ ਲਈ ਉਹ ਨੂੰ ਕੀ ਕਰਨਾ ਜ਼ਰੂਰੀ ਹੈ? 6:4–7 ਦੇ ਅਨੁਸਾਰ, ਦੋ ਕੰਮ ਜ਼ਰੂਰੀ ਸਨ। (1) ਉਹਦੇ ਲਈ ਉਹ ''ਮੋੜ ਦੇਣਾ'' ਜ਼ਰੂਰੀ ਸੀ ਜੋ ਉਸ ਨੇ ਗ਼ਲਤ ਕੀਤਾ ਸੀ। ਮੁਆਵਜ਼ੇ ਲਈ ਜ਼ਰੂਰੀ ਸੀ ਕਿ ਜਿਸ ਵਿਅਕਤੀ ਦਾ ਉਸ ਨੇ ਨੁਕਸਾਨ ਕੀਤਾ ਹੋਵੇ, ਜਿੰਨਾਂ ਨੁਕਸਾਨ ਕੀਤਾ ਸੀ ਉਹ ਅਤੇ ਨਾਲ **ਇਕ ਪੰਜਵਾਂ ਹਿੱਸਾ ਹੋਰ ਪਾ ਕੇ** ਦਵੇ (6:4, 5)। (2) ਉਹਦੇ ਲਈ **ਦੋਸ਼ ਦੀ ਭੇਟ** ਦੇ ਰੂਪ ਵਿਚ **ਬੱਜ ਤੋਂ ਰਹਿਤ ਇੱਕ ਛੱਤ੍ਰਾ** ਲਿਆਉਣਾ ਜ਼ਰੂਰੀ ਸੀ (6:6)।[5] **ਜਾਜਕ ਯਹੋਵਾਹ ਦੇ ਅੱਗੇ ਪ੍ਰਾਸਚਿਤ** ਕਰਨ ਲਈ ਛੱਤ੍ਰਾ ਚੜ੍ਹਾਉਂਦਾ ਸੀ ਜਿਸ ਦੇ ਨਤੀਜੇ ਵਜੋਂ **ਖਿਮਾ ਹੋ** ਜਾਂਦੀ ਸੀ (6:7)। ਦੋਸ਼ ਬਲੀ ਦੇ ਸਬੰਧ ਵਿਚ ਪਰਮੇਸ਼ੁਰ ਦੀਆਂ ਹਦਾਇਤਾਂ ਨੂੰ ਸਹੀ ਸਹੀ ਤਰੀਕੇ ਨਾਲ ਮੰਨਿਆ ਜਾਣ ਕਿਸੇ ਦੀ ਚੀਜ਼ ਚੋਰੀ ਕਰਨ ਵਰਗੇ ਕੋਰੇ ਪਾਪ ਵੀ ਮਾਫ਼ ਕੀਤੇ ਜਾ ਸਕਦੇ ਸਨ।

*ਭਲਾ ਅਜਿਹੇ ਪਾਪ ਸਚਮੁਚ ਵਿਚ ''ਅਣਜਾਣਪੁਣੇ'' ਵਿਚ ਹੁੰਦੇ ਸਨ?* ਇਹ ਸਵਾਲ ਰਹਿ ਜਾਂਦਾ ਹੈ ਕਿ ਲੁੱਟ, ਜ਼ਬਰਦਸਤੀ ਅਤੇ ਸਹੁੰ ਖਾ ਕੇ ਝੂਠ ਬੋਲਣ ਵਰਗੇ ਪਾਪਾਂ ਨੂੰ ''ਅਣਜਾਣਪੁਣੇ ਵਿਚ ਕੀਤੇ'' ਪਾਪ ਕਿਵੇਂ ਕਿਹਾ ਜਾ ਸਕਦਾ ਸੀ? ਸ਼ਾਇਦ ਇਸ ਸਵਾਲ ਦਾ ਸਭ ਤੋਂ ਵਧੀਆ ਜਵਾਬ ਆਇਤ 4 ਨੂੰ ਬਦਲ ਕੇ ਪੜ੍ਹਨ ਨਾਲ ਮਿਲਦਾ ਹੈ। ਪੰਜਾਬੀ **ਤਾਂ ਅਜਿਹਾ ਹੋਵੇਗਾ, . . . ਜੋ ਉਸ ਨੇ ਪਾਪ ਕੀਤਾ ਅਤੇ ਦੋਸ਼ੀ ਹੋਇਆ** NASB ਵਿਚ ਇਸ ਦਾ ਅਨੁਵਾਦ ਹੈ, ਤਾਂ ਅਜਿਹਾ ਹੋਵੇਗਾ, ਜਦ ਉਹ ਪਾਪ ਕਰਦਾ ਹੈ ਅਤੇ ਦੋਸ਼ੀ ਠਹਿਰਦਾ ਹੈ। . . . ਪਰ NIV ਵਿਚ ਹੈ, ''ਜਦ ਉਹ ਇਨ੍ਹਾਂ ਵਿੱਚੋਂ ਕਿਸੇ ਵੀ ਤਰੀਕੇ ਨਾਲ ਪਾਪ ਕਰਨ ਅਤੇ ਆਪਣੀ ਗ਼ਲਤੀ ਨੂੰ ਮੰਨ ਲੈਣ ਅਤੇ ਚੋਰੀ ਕੀਤੀ ਹੋਈ ਚੀਜ਼ ਮੋੜ ਦੇਣ'' (ਵੇਖੋ NRSV; REB; ESV; NJPSV)।[6]

ਜੇ NIV ਦਾ ਇਹ ਅਨੁਵਾਦ ਸਹੀ ਹੈ ਤਾਂ ਇਹ ਸੁਝਾਅ ਦਿੰਦਾ ਹੈ ਕਿ ਵਿਅਕਤੀ ਨੇ ਭਾਵੇਂ ਜਾਣ ਬੁੱਝ ਕੇ ਪਾਪ ਕੀਤਾ ਹੋਵੇ ਪਰ ਇਸ ਨੂੰ ਕਰਨ ਵੇਲੇ ਉਹਨੂੰ ਨਹੀਂ ਲੱਗਾ ਸੀ ਕਿ ਇਹ ਪਾਪ ਹੈ। ਉਹ ਪਰਤਾਵੇ ਵਿਚ ਪੈ ਗਿਆ ਹੋਵੇਗਾ ਅਤੇ ਉਸ ਨੇ ਇਸ ਕੰਮ ਦੇ ਨੈਤਿਕ ਨਤੀਜਿਆਂ ਤੇ ਵਿਚਾਰ ਕੀਤੇ ਬਿਨਾਂ ਉਹ ਚੀਜ਼ ਲੈ ਲਈ ਜਿਹੜੀ ਉਸ ਦੀ ਨਹੀਂ ਸੀ। ਬਾਅਦ ਵਿਚ ਉਸ ਦਾ ਅੰਤਹਕਰਣ ਉਹਨੂੰ ਦੋਸ਼ੀ ਠਹਿਰਾਉਣ ਲੱਗ ਪਿਆ ਹੋਵੇਗਾ ਜਾਂ ਉਸ ਦੀ ਗ਼ਲਤੀ ਦੇ ਪ੍ਰਭਾਵ ਸਾਫ਼ ਨਜ਼ਰ ਆਉਣ ਲੱਗ ਪਏ ਹੋਣਗੇ। ਜੋ ਵੀ ਦੋਸ਼ੀ ਹੋਵੇ ਭਾਵੇਂ ਉਹ ਪਾਪ ਕੀਤੇ ਜਾਣ ਦੇ ਵਕਤ ਤੋਂ ਹੀ ਸੀ, ਪਰ ਉਹਨੂੰ ਗ਼ਲਤੀ ਦਾ ਅਹਿਸਾਸ ਬਾਅਦ ਵਿਚ ਹੋਣ ਲੱਗਾ। ਉਸ ਵਕਤ ਤੋਂ, ਮਾਫ਼ੀ ਪਾਉਣ ਵਾਸਤੇ ਉਹਦੇ ਲਈ ਯਹੋਵਾਹ ਦੇ ਅੱਗੇ ਦੋਸ਼ ਬਲੀ ਲਿਆਉਣੀ ਜ਼ਰੂਰੀ ਸੀ।

ਅਜਿਹੀ ਵਿਆਖਿਆ ਇਨ੍ਹਾਂ ਆਇਤਾਂ ਵਿਚ ਦੱਸੇ ਗਏ ਪਾਪਾਂ ਨੂੰ ''ਅਣਭੋਲ'' ਜਾਂ ''ਅਣਜਾਣਪੁਣੇ'' ਵਿਚ ਕੀਤੇ ਪਾਪਾਂ ਦੇ ਸਿਰਲੇਖ ਹੇਠ ਲਿਆਉਂਦੀ ਹੈ, ਜੋ ਕਿ ''ਆਕੀ'' ਹੋ ਕੇ

ਕੀਤੇ ਪਾਪਾਂ ਨਾਲੋਂ ਫ਼ਰਕ ਹੈ। ਇਸ ਕਰਕੇ ਉਹ ਅਗਿਆਨਤਾ ਅਤੇ ਕਮਜ਼ੋਰੀ ਦੇ ਪਾਪ ਸਨ ਅਤੇ ਸਹੀ ਤਰੀਕਾ ਅਪਣਾਇਆ ਜਾਣ ਤੇ ਉਨ੍ਹਾਂ ਨੂੰ ਮਾਫ਼ ਕੀਤਾ ਜਾ ਸਕਦਾ ਸੀ।

ਇਹ ਵਿਆਖਿਆ ਇਹ ਸਮਝਾਉਣ ਵਿਚ ਮਦਦ ਕਰਦੀ ਹੈ ਕਿ ਇਨ੍ਹਾਂ ਪਾਪਾਂ ਦੇ ਮਾਮਲੇ ਵਿਚ ਸਿਰਫ਼ 20 ਫ਼ੀਸਦੀ ਜੁਰਮਾਨਾ ਹੀ ਚੁਕਾਇਆ ਜਾਣਾ ਕਿਉਂ ਜ਼ਰੂਰੀ ਸੀ। ਕੂਚ 22 ਵਿਚ ਦੱਸੇ ਗਏ ਅਜਿਹੇ ਹੀ ਪਾਪਾਂ ਦੇ ਮਾਮਲੇ ਵਿਚ, ਕਿਸੇ ਹੋਰ ਦੀ ਜਾਇਦਾਦ ਨਜਾਇਜ਼ ਤਰੀਕੇ ਨਾਲ ਲੈ ਲੈਣ ਵਾਲੇ ਵਿਅਕਤੀ ਲਈ ਨਰਾਜ਼ ਧਿਰ ਦੀ ਚੋਰੀ ਕੀਤੀ ਚੀਜ਼ ਦਾ ''ਦੁਗਣਾ'' ਮੁੱਲ ਦੇਣਾ ਜ਼ਰੂਰੀ ਸੀ (ਕੂਚ 22:4, 7, 9)। ਅਜਿਹੇ ਇਕ ਮਾਮਲੇ ਵਿਚ ਕਾਨੂੰਨੀ ਪੇਸ਼ੀ ਦੇ ਅੰਤ ਵਿਚ, ਦੋਸ਼ੀ ਧਿਰ ਲਈ ਵੱਧ ਰਕਮ ਦੇਣੀ ਜ਼ਰੂਰੀ ਸੀ। ਲੇਵੀਆਂ 6:1−7 ਹਰ ਮਾਮਲੇ ਵਿਚ ਪਾਪ ਕਰਨ ਵਾਲੇ ਅਤੇ ਬਾਅਦ ਵਿਚ ਆਪਣੇ ਦੋਸ਼ ਨੂੰ ''ਮੰਨ'' ਲੈਣ ਵਾਲੇ (NIV) ਪੇਸ਼ੀ ਦੌਰਾਨ ਪਤਾ ਲੱਗਣ ਤੇ ਬਿਨਾਂ ਮਜਬੂਰ ਕੀਤੇ ਜੋ ਕੁਝ ਉਸ ਨੇ ਲਿਆ ਸੀ ਉਹਨੂੰ ਮੋੜਨ ਦੀ ਕੋਸ਼ਿਸ਼ ਦੇ ਨਾਲ ਨਾਲ ਜੁਰਮਾਨਾ, ਅਤੇ ਦੋਸ਼ ਦੀ ਭੇਟ ਦੇਣ ਵਾਲੇ ਦੇ ਰੂਪ ਵਿਚ ਵਿਖਾਇਆ ਗਿਆ ਹੈ। ਕਸੂਰਵਾਰ ਨਾ ਸਿਰਫ਼ ਉਸ ਵਿਅਕਤੀ ਨਾਲ ਜਿਸ ਦਾ ਉਸ ਨੇ ਕਸੂਰ ਕੀਤਾ ਹੋਵੇ ਚੀਜ਼ਾਂ ਨੂੰ ਦਰੁੱਸਤ ਕਰਕੇ ਲੋਕਾਂ ਸਾਹਮਣੇ ਆਪਣੇ ਦੋਸ਼ ਨੂੰ ਮਿਟਾ ਰਿਹਾ ਸੀ ਬਲਕਿ ਉਹ ਪਰਮੇਸ਼ੁਰ ਨਾਲ ਵੀ ਚੀਜ਼ਾਂ ਦਰੁੱਸਤ ਕਰ ਰਿਹਾ ਹੁੰਦਾ ਸੀ, ਇਸ ਕਰਕੇ ਉਹਨੂੰ ਮਾਫ਼ ਕੀਤਾ ਜਾਣਾ ਸੀ। ਉਸ ਦਾ ਪਸਚਾਤਾਪੀ ਰਵੱਈਆ ਅਤੇ ਇਹ ਤੱਥ ਕਿ ਉਸ ਨੇ ਦੂਜਿਆਂ ਵੱਲੋਂ ਉਸ ਦੇ ਪਾਪਾਂ ਦਾ ਪਤਾ ਲਾਉਣ ਤੋਂ ਪਹਿਲਾਂ (ਅਤੇ/ਜਾਂ ਕਚਹਿਰੀ ਵਿਚ ਪੇਸ਼ ਕੀਤੇ ਜਾਣ ਤੋਂ ਪਹਿਲਾਂ) ਸਾਰੇ ਫ਼ਰਕ ਨੂੰ ਮਿਟਾ ਲਿਆ ਸੀ! ਉਹਨੂੰ ''ਦੁਗਣਾ'' ਮੋੜਨ ਦੀ ਥਾਂ ਸਿਰਫ਼ 20 ਫ਼ੀਸਦੀ ਜੁਰਮਾਨਾ ਦੇ ਕੇ ਇਨਾਮ ਦਿੱਤਾ ਜਾਂਦਾ ਸੀ।

ਇਨ੍ਹਾਂ ਪਾਪਾਂ ਵਿਚ ਜਿਨ੍ਹਾਂ ਲਈ ਦੋਸ਼ ਬਲੀ ਜ਼ਰੂਰੀ ਸੀ ਕੀ ਫ਼ਰਕ ਹੈ? ਅਧਿਆਇ 5 ਦੱਸਦਾ ਹੈ ਕਿ ਪਰਮੇਸ਼ੁਰ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਪਾਪ ਲਈ ਦੋਸ਼ ਬਲੀ ਜ਼ਰੂਰੀ ਸੀ, ਅਤੇ ਅਧਿਆਇ 6 ਤੋਂ ਪਤਾ ਲਗਦਾ ਹੈ ਕਿ ਮਨੁੱਖਾਂ ਅਤੇ ਉਨ੍ਹਾਂ ਦੀ ਜਾਇਦਾਦ ਦੇ ਪਾਪ ਵਿਚ ਦੋਸ਼ ਬਲੀ ਜ਼ਰੂਰੀ ਸੀ।

## **ਹੋਮ ਬਲੀਆਂ: ਯਾਜਕਾਂ ਦੀ ਜ਼ਿੰਮੇਵਾਰੀ** (6:8-13)

**[8]ਅਤੇ ਯਹੋਵਾਹ ਮੂਸਾ ਨੂੰ ਬੋਲਿਆ ਕਿ [9]ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਇਹ ਆਖ ਕੇ ਆਗਿਆ**
**ਦੇਵੀਂ, ਹੋਮ ਦੀ ਭੇਟ ਦੀ ਬਿਵਸਥਾ ਇਹ ਹੈ। ਇਸ ਕਰਕੇ ਹੋਮ ਦੀ ਭੇਟ ਹੈ ਜੋ ਜਗਵੇਦੀ ਦੇ ਉੱਤੇ ਸਾਰੀ**
**ਰਾਤ ਸਵੇਰ ਤੋੜੀ ਸੜਦੀ ਰਹਿੰਦੀ ਹੈ ਅਤੇ ਜਗਵੇਦੀ ਦੀ ਅੱਗ ਉਸ ਦੇ ਵਿੱਚ ਸੜਦੀ ਹੋਵੇ [10]ਅਤੇ**
**ਜਾਜਕ ਆਪਣੇ ਕਤਾਨ ਦੇ ਵਸਤ੍ਰ ਪਹਿਨ ਲਵੇ ਅਤੇ ਆਪਣੀ ਕਤਾਨ ਦੀ ਕੱਛ ਆਪਣੇ ਸਰੀਰ ਉੱਤੇ**
**ਪਾਕੇ ਜਿਹੜੀ ਹੋਮ ਬਲੀ ਦੇ ਨਾਲ ਜਗਵੇਦੀ ਉੱਤੇ ਅੱਗ ਨੇ ਭਸਮ ਕਰ ਲਈ ਹੈ ਉਹ ਸੁਵਾਹ ਚੁੱਕ ਕੇ**
**ਜਗਵੇਦੀ ਦੇ ਇੱਕ ਪਾਸੇ ਰੱਖ ਦੇਵੇ [11]ਅਤੇ ਉਹ ਆਪਣੇ ਵਸਤ੍ਰ ਲਾਹ ਲਵੇ ਅਤੇ ਹੋਰ ਲੀੜੇ ਪਾਕੇ ਉਸ**
**ਸੁਵਾਹ ਨੂੰ ਡੇਰਿਆਂ ਤੋਂ ਬਾਹਰ ਸੁਥਰੀ ਥਾਂ ਵਿੱਚ ਲੈ ਜਾਵੇ [12]ਅਤੇ ਜਗਵੇਦੀ ਦੇ ਉੱਤੇ ਜਿਹੜੀ ਅੱਗ ਹੈ**
**ਸੋ ਉਸ ਦੇ ਵਿੱਚ ਬਲਦੀ ਰਹੇ। ਉਹ ਕਦੇ ਨਾ ਬੁਝਾਈ ਜਾਵੇ ਅਤੇ ਜਾਜਕ ਸਵੇਰ ਦੇ ਵੇਲੇ ਸਦਾ ਉਸ ਦੇ**
**ਉੱਤੇ ਲੱਕੜਾਂ ਬਾਲਣ ਅਤੇ ਉਸ ਦੇ ਉੱਤੇ ਹੋਮ ਦੀ ਭੇਟ ਸੁਧਾਰ ਕੇ ਰੱਖੇ ਅਤੇ ਉਹ ਉਸ ਦੇ ਉੱਤੇ ਸੁਖ**
**ਸਾਂਦ ਦੀਆਂ ਭੇਟਾਂ ਦੀ ਚਰਬੀ ਸਾੜੇ [13]ਜਗਵੇਦੀ ਦੇ ਉੱਤੇ ਅੱਗ ਸਦਾ ਬੱਲਦੀ ਰਹੇ, ਉਹ ਕਦੀ ਨਾ ਬੁਝੇ।**

ਦੋਸ਼ ਬਲੀ ਦੇ ਵਖਿਆਨ ਨੂੰ ਪੂਰਾ ਕਰਨ ਦੇ ਬਾਅਦ ਲੇਵੀਆਂ 6 ਭੇਟਾਂ ਦੀਆਂ ਪੰਜ ਪ੍ਰਮੁੱਖ ਕਿਸਮਾਂ ਦੇ ਵੇਰਵਿਆਂ ਦੇ ਇਕ ਹੋਰ ਦੌਰ ਨੂੰ ਸ਼ੁਰੂ ਕਰਦਾ ਲੱਗਦਾ ਹੈ। ਜਿਵੇਂ ਪਹਿਲੇ ਪੰਜ ਅਧਿਆਇਆਂ ਵਿਚ (6:1−7 ਸਣੇ) ਹੋਮ ਬਲੀਆਂ, ਮੈਦੇ ਦੀਆਂ ਭੇਟਾਂ, ਸੁੱਖ ਸਾਂਦ ਦੀਆਂ ਭੇਟਾਂ, ਪਾਪ ਦੀਆਂ ਭੇਟਾਂ

ਅਤੇ ਦੋਸ਼ ਦੀਆਂ ਭੇਟਾਂ ਦੀ ਚਰਚਾ ਹੈ, ਅਧਿਆਇ 6 (ਆਇਤ 8 ਤੋਂ) ਅਤੇ 7 ਵਿਚ ਹੋਮ, ਮੈਦੇ, ਪਾਪ, ਦੋਸ਼, ਅਤੇ ਸੁੱਖ ਸਾਂਦ ਦੀਆਂ ਭੇਟਾਂ ਬਾਰੇ ਕਹਿਣ ਲਈ ਹੋਰ ਕੁਝ ਹੈ। ਇਨ੍ਹਾਂ ਦੋਹਾਂ ਭਾਗਾਂ ਵਿਚ ਫ਼ਰਕ ਇਹ ਹੈ ਕਿ 1:1–6:7 ਵਿਚ ਯਹੋਵਾਹ ਦੀਆਂ ਹਦਾਇਤਾਂ ਹਨ ਜਿਹੜੀਆਂ ਭੇਟ ਲਿਆਉਣ ਵਾਲੇ ਆਮ ਇਸਰਾਏਲੀ ਉੱਤੇ ਲਾਗੂ ਹੁੰਦੀਆਂ ਸਨ, ਜਦ ਕਿ 6:8–7:36 ਵਿਚ ਯਾਜਕਾਂ ਦੀਆਂ ਜ਼ਿੰਮੇਵਾਰੀਆਂ ਅਤੇ ਉਹਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਵੇਰਵਾ ਹੈ।

**ਆਇਤਾਂ 8-11.** ਇਸ ਵਚਨ ਦੀ ਸ਼ੁਰੂਆਤ **ਅਤੇ ਯਹੋਵਾਹ ਮੂਸਾ ਨੂੰ ਬੋਲਿਆ** . . . ਦੇ ਫ਼ਾਰਮੂਲੇ ਨਾਲ ਹੁੰਦੀ ਹੈ।[7] ਜਿਵੇਂ ਅਸਾਂ ਕਿ ਵੇਖਿਆ ਹੈ, ਇਸ ਤੋਂ ਸੁਝਾਅ ਦਮਮਿਲਦਾ ਹੈ ਕਿ ਅਗਲੇ ਸ਼ਬਦ ਇਸ ਵਿਸ਼ੇ ਨਾਲ ਜੁੜੇ ਹਨ।[8] ਯਹੋਵਾਹ ਨੇ ਇਸ ਮੁਕਾਸ਼ਫ਼ੇ ਦਾ ਅਰੰਭ ਮੂਸਾ ਨੂੰ ਇਹ ਆਖਦਿਆਂ ਕੀਤਾ, **ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਇਹ ਆਖ ਕੇ ਆਗਿਆ ਦੇਵੀਂ।** . . . ਲੇਵੀਆਂ 1:2 ਵਿਚ ਜਦ ਪਰਮੇਸ਼ੁਰ ਨੇ ਪਹਿਲੀ ਵਾਰ ਹੋਮ ਬਲੀ ਦੇ ਵਿਸ਼ੇ ਬਾਰੇ ਦੱਸਿਆ ਸੀ ਤਾਂ ਉਸ ਨੇ ਇਹ ਆਖਦਿਆਂ ਦੱਸਿਆ ਸੀ, ''ਇਸਰਾਏਲੀਆਂ ਨਾਲ ਗੱਲ ਕਰ ਅਤੇ ਉਨ੍ਹਾਂ ਨੂੰ ਆਖ। . . .'' ਇਸ ਕਰਕੇ ਇਸ ਹਵਾਲੇ ਅਤੇ ਲੇਵੀਆਂ ਦੇ ਪਹਿਲੇ ਅਧਿਆਇ ਵਿਚ ਫ਼ਰਕ ਇਹ ਹੈ ਕਿ ਪਹਿਲੀਆਂ ਹਦਾਇਤਾਂ ਮੁੱਖ ਤੌਰ ਤੇ ਉਨ੍ਹਾਂ ਲਈ ਸਨ ਜਿਨ੍ਹਾਂ ਨੇ ਕੁਰਬਾਨੀਆਂ ਲਿਆਉਣੀਆਂ ਸਨ, ਜਦ ਕਿ ਇੱਥੇ ਇਹ ਯਾਜਕਾਂ ਨੂੰ ਦਿੱਤੀਆਂ ਗਈਆਂ ਸਨ ਜਿਨ੍ਹਾਂ ਨੇ ਅਸਲ ਵਿਚ ਜਗਵੇਦੀ ਉੱਤੇ ਕੁਰਬਾਨੀ ਲੈ ਕੇ ਆਉਣੀ ਹੁੰਦੀ ਸੀ।

6:9–11 ਵਿਚ ਯਾਜਕਾਂ ਲਈ ਹਦਾਇਤਾਂ **ਜਗਵੇਦੀ** ਤੋਂ **ਹੋਮ ਦੀ ਭੇਟ** ਨੂੰ ਹਟਾਉਣ ਸਬੰਧੀ ਹਨ। ਜਗਵੇਦੀ ਉੱਤੇ ਭੇਟ ਉਸ ਦੇ ਸਵਾਹ ਬਣਨ ਤਕ **ਸਾਰੀ ਰਾਤ** ਤਕ ਪਈ ਰਹਿਣੀ ਜ਼ਰੂਰੀ ਸੀ (6:9)। ਉਸ ਤੋਂ ਬਾਅਦ ਯਾਜਕ ਨੇ ਖਾਸ **ਕਤਾਨ ਦੇ ਵਸਤ੍ਰ** ਪਹਿਨ ਕੇ **ਸੁਵਾਹ**[9] ਨੂੰ ਜਗਵੇਦੀ ਤੋਂ ਹਟਾਉਣਾ ਹੁੰਦਾ ਸੀ। ਸਾਫ਼ ਹੈ ਕਿ ਜਗਵੇਦੀ ਉਤਲੀ ਸਵਾਹ ਨੂੰ ਐਨਾ ਪਵਿੱਤਰ ਮੰਨਿਆ ਜਾਂਦਾ ਸੀ ਕਿ ਉਹਨੂੰ ਆਮ ਕੱਪੜੇ ਪਾ ਕੇ ਨਹੀਂ ਹਟਾਇਆ ਜਾਂਦਾ ਸੀ (6:10)। ਇਸ ਸਵਾਹ ਨੂੰ ਹਟਾ ਲੈਣ ਤੋਂ ਬਾਅਦ ਯਾਜਕ ਲਈ **ਡੇਰਿਆਂ ਤੋਂ ਬਾਹਰ** ਲਿਜਾ ਕੇ **ਸੁਥਰੀ ਥਾਂ** ਵਿਚ ਛੱਡਣ ਭਾਵ ਅਜਿਹੀ ਥਾਂ ਜੋ ਕਿਸੇ ਨਾਲ ਜਿਸ ਨੂੰ ਅਸ਼ੁੱਧ ਕਿਹਾ ਜਾ ਸਕੇ, ਨਾਪਾਕ ਨਾ ਹੋਈ ਹੋਵੇ (ਜਿਵੇਂ ਕਿਸੇ ਆਦਮੀ ਦੀ ਲਾਸ਼ ਜਾਂ ਜਾਨਵਰ ਦੀ ਲੋਥ; 6:11), ਛੱਡਣ ਲਈ ਹੋਰ ਕੱਪੜੇ (ਸੰਭਵ ਤੌਰ ਤੇ ਜਿਹੜੇ ਉਹ ਆਮ ਪਾਉਂਦਾ ਸੀ) ਪਾਉਣੇ ਜ਼ਰੂਰੀ ਸਨ।

**ਆਇਤਾਂ 12, 13.** ਨਾਲੇ ਯਹੋਵਾਹ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ **ਜਗਵੇਦੀ ਦੇ ਉੱਤੇ ਜਿਹੜੀ ਅੱਗ ਹੈ** ਉਹ **ਨਾ ਬੁਝਾਈ ਜਾਵੇ** (6:9, 12, 13)। ਅੱਗ ਬਲਦੀ ਰੱਖਣ ਲਈ ਯਾਜਕਾਂ ਲਈ **ਸਵੇਰ ਦੇ ਵੇਲੇ** ਜਗਵੇਦੀ ਉੱਤੇ **ਲੱਕੜਾਂ** ਪਾਉਣੀਆਂ ਜ਼ਰੂਰੀ ਹੁੰਦੀਆਂ ਸਨ (6:12)। ਇਹ ਨਿਯਮ ਹੋਮ ਬਲੀ ਦੀ ਤਰਜੀਹ ਨੂੰ ਕਾਇਮ ਕਰਨ ਲਈ ਦਿੱਤਾ ਗਿਆ ਲਗਦਾ ਹੈ। ਹੋਮ ਬਲੀ ਦੀ ਅੱਗ ਬਲਦੀ ਨਾ ਹੋਣ ਤੇ ਹੋਰ ਭੇਟਾਂ (ਹੋਮ ਬਲੀਆਂ) ਚੜ੍ਹਾਈਆਂ ਨਹੀਂ ਜਾ ਸਕਦੀਆਂ ਸਨ। ਆਖ਼ਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਭੇਟਾਂ ਵਿਚ ਘੱਟੋ-ਘੱਟ ਜਗਵੇਦੀ ਉੱਤੇ ਭੇਟ ਦੇ ਕੁਝ ਹਿੱਸੇ ਦਾ ਸੜਨਾ ਜ਼ਰੂਰੀ ਸੀ। ਉਦਾਹਰਣ ਲਈ ਵਚਨ ਵਿਚ ਇਸ ਵਿਚਾਰ ਉੱਤੇ ਸੰਕੇਤ ਹੈ ਕਿ ਅੱਗ ਬਲਦੀ ਰਹੇ ਤਾਂ ਜੋ **ਸੁਖ ਸਾਂਦ ਦੀਆਂ ਭੇਟਾਂ** ਚੜ੍ਹਾਈਆਂ ਜਾ ਸਕਣ (6:12)। ਆਰ. ਕੇ. ਹੈਰਿਸਨ ਨੇ ਕਿਹਾ ਹੈ ਕਿ ਇਹ ਤੱਥ ਕਿ ਅੱਗ ਬਲਦੀ ਰਹਿਣ ਦਾ ਅਰਥ ਸੀ ਕਿ ''ਕੂਚ 29:38–42 ਵਾਲੀ ਲਗਾਤਾਰ ਹੋਮ ਦੀ ਭੇਟ ਜਾਂ *tāmîḏ* ਪੂਰੀ ਕੌਮ ਦੇ ਲਈ ਸਵੇਰੇ ਅਤੇ ਸ਼ਾਮ ਦਿੱਤੀ ਜਾਣ ਵਾਲੀ'' ਕੁਰਬਾਨੀ ਨੂੰ ਵਿਖਾਉਂਦੀ ਸੀ।[10]

6:8–13 ਵਿਚ ਹੋਮ ਬਲੀ ਲਈ ਦਿੱਤੇ ਗਏ ਨਿਯਮ ਤੋਂ ਯਾਜਕਾਂ ਨੂੰ ਪਤਾ ਲੱਗ ਜਾਣਾ ਚਾਹੀਦਾ ਸੀ ਕਿ ਹੋਮ ਬਲੀਆਂ ਦੀ ਸੁਵਾਹ ਨੂੰ ਕਿੱਥੇ ਕਿਵੇਂ ਸੁੱਟਣਾ ਹੈ। ਉਨ੍ਹਾਂ ਲਈ ਇਹ ਸਮਝਣਾ ਜ਼ਰੂਰੀ ਸੀ ਕਿ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਸੀ ਅਤੇ ਇਹ ਕਿ ਹੋਮ ਬਲੀ ਦੀ ਜਗਵੇਦੀ ਉੱਤੇ ਅੱਗ ਨੂੰ ਬਾਲੀ ਰੱਖਣਾ ਉਨ੍ਹਾਂ ਦਾ ਕੰਮ ਸੀ।

## ਮੈਦੇ ਦੀਆਂ ਭੇਟਾਂ: ਯਾਜਕਾਂ ਦੀ ਜ਼ਿੰਮੇਵਾਰੀ (6:14-23)

### ਮੈਦੇ ਦੀਆਂ ਭੇਟਾਂ: ਯਾਜਕਾਂ ਦਾ ਹਿੱਸਾ (6: 14-18)

**[14]ਮੈਦੇ ਦੀ ਭੇਟ ਦੀ ਬਿਵਸਥਾ ਇਹ ਹੈ, ਹਾਰੂਨ ਦੇ ਪੁੱਤਰ ਯਹੋਵਾਹ ਦੇ ਅੱਗੇ ਜਗਵੇਦੀ ਦੇ ਮੋਹਰੇ ਉਸ ਨੂੰ ਚੜ੍ਹਾਉਣ [15]ਅਤੇ ਉਸ ਤੋਂ ਇੱਕ ਮੁੱਠ ਭਰਕੇ ਅਰਥਾਤ ਉਸ ਮੈਦੇ ਦੀ ਭੇਟ ਦੇ ਮੈਦੇ ਤੋਂ ਅਤੇ ਉਸ ਦੇ ਤੇਲ ਤੋਂ ਅਤੇ ਸਾਰੇ ਲੁਬਾਨ ਤੋਂ ਜੋ ਮੈਦੇ ਦੀ ਭੇਟ ਉੱਤੇ ਹੈ, ਉਸ ਨੂੰ ਯਹੋਵਾਹ ਦੇ ਅੱਗੇ ਸਿਮਰਨ ਲਈ ਸੁਗੰਧਤਾ ਕਰਕੇ ਜਗਵੇਦੀ ਦੇ ਉੱਤੇ ਸਾੜੇ [16]ਅਤੇ ਜੋ ਉਸ ਤੋਂ ਵਧੇ, ਸੋ ਹਾਰੂਨ ਅਤੇ ਉਸ ਦੇ ਪੁੱਤਰ ਖਾਣ, ਉਹ ਪਤੀਰੀ ਰੋਟੀ ਨਾਲ ਪਵਿੱਤਰ ਥਾਂ ਵਿੱਚ ਖਾਧੀ ਜਾਵੇ, ਓਹ ਮੰਡਲੀ ਦੇ ਡੇਰੇ ਦੇ ਚੌਪਟੇ ਵਿੱਚ ਉਸ ਨੂੰ ਖਾਣ [17]ਉਹ ਖ਼ਮੀਰ ਨਾਲ ਪਕਾਇਆ ਨਾ ਜਾਵੇ। ਮੈਂ ਉਸ ਨੂੰ ਅੱਗ ਦੀਆਂ ਆਪਣੀਆਂ ਭੇਟਾਂ ਵਿੱਚੋਂ ਉਸ ਨੂੰ ਉਨ੍ਹਾਂ ਦਾ ਭਾਗ ਠਹਿਰਾ ਕੇ ਦਿੱਤਾ ਹੈ, ਇਹ ਜਿਹੀ ਪਾਪ ਦੀ ਭੇਟ, ਤੇ ਜਿਹੀ ਦੋਸ਼ ਦੀ ਭੇਟ ਅੱਤ ਪਵਿੱਤਰ ਹੈ [18]ਹਾਰੂਨ ਦੀ ਸੰਤਾਨ ਵਿੱਚੋਂ ਸੱਭੇ ਪੁਰਸ਼ ਉਸ ਤੋਂ ਖਾਣ, ਇਹ ਯਹੋਵਾਹ ਦੀਆਂ ਅੱਗ ਦੀਆਂ ਭੇਟਾਂ ਵਿੱਚੋਂ ਤੁਹਾਡੀਆਂ ਪੀੜ੍ਹੀਆਂ ਤੀਕੁਰ ਇੱਕ ਸਦਾ ਦੀ ਬਿਧੀ ਹੋਵੇ। ਜੋ ਉਨ੍ਹਾਂ ਨੂੰ ਛੋਹੇ ਸੋ ਪਵਿੱਤਰ ਹੋਵੇ।**

ਇਸ ਤੋਂ ਬਾਅਦ ਯਹੋਵਾਹ ਨੇ ਮੈਦੇ ਦੀ ਭੇਟ ਸਬੰਧੀ ਅਧਿਆਇ 2 ਤੋਂ ਆਪਣੀਆਂ ਹਦਾਇਤਾਂ ਨੂੰ ਵਿਸਤਾਰ ਦਿੱਤਾ।

**ਆਇਤਾਂ 14-16.** ਇਕ ਵਾਰ ਫੇਰ ਇਸ ਹਵਾਲੇ ਦਾ ਪਹਿਲਾ ਵਾਕ **ਮੈਦੇ ਦੀ ਭੇਟ ਦੀ ਬਿਵਸਥਾ** ਵਿਸ਼ੇ ਦਾ ਐਲਾਨ ਕਰਦਾ ਹੈ ਅਤੇ ਇਸ ਤੋਂ ਪਤਾ ਲਗਦਾ ਹੈ ਕਿ ਇਹ ਨਿਯਮ ਕਿਨ੍ਹਾਂ ਦੇ ਮੰਨਣ ਲਈ ਸਨ। ਇਹ ਸੰਦੇਸ਼ ਯਾਜਕਾਂ ਲਈ ਸਨ ਜੋ ਕਿ **ਹਾਰੂਨ ਦੇ ਪੁੱਤਰ** ਸਨ (6: 14)। ਆਮ ਇਸਰਾਏਲੀ ਨੂੰ ਅਧਿਆਇ 2 ਵਿਚਲੀ ਜਾਣਕਾਰੀ ਤੋਂ ਪਤਾ ਲੱਗ ਗਿਆ ਸੀ ਇਸ ਭੇਟ ਦੇ ਸਬੰਧ ਵਿਚ ਉਸ ਦੇ ਲਈ ਕੀ ਕਰਨਾ ਜ਼ਰੂਰੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹ ਹਦਾਇਤਾਂ ਪਹਿਲਾਂ ਦਿੱਤੀਆਂ ਹਦਾਇਤਾਂ ਦੀਆਂ ਪੂਰਕ ਸਨ।

ਕਿਸੇ ਦੇ ਮੈਦੇ ਦੀ ਭੇਟ ਲਿਆਉਣ ਵੇਲੇ ਯਾਜਕ ਦੀ ਕੀ ਜ਼ਿੰਮੇਵਾਰੀ ਸੀ? (1) ਉਹ ਇਸ ਨੂੰ **ਯਹੋਵਾਹ ਦੇ ਅੱਗੇ** ਹੋਮ ਬਲੀ ਦੀ **ਜਗਵੇਦੀ ਦੇ ਮੋਹਰੇ** ਪੇਸ਼ ਕਰਦਾ ਸੀ, ਜੋ ਕਿ ਕੁਝ ਰਸਮ ਤੋਂ ਬਾਅਦ ਹੁੰਦਾ ਹੋਵੇਗਾ (6: 14)। (2) ਜਗਵੇਦੀ ਉੱਤੇ ਉਹ ਜੈਤੂਨ ਦੇ **ਤੇਲ** ਅਤੇ **ਲੁਬਾਨ** ਦੇ ਨਾਲ **ਇੱਕ ਮੁੱਠ ਭਰਕੇ ਮੈਦੇ** ਨੂੰ ਰੱਖਦਾ ਸੀ, ਜਿੱਥੇ ਇਸ ਨੂੰ ਹੋਮ ਬਲੀਆਂ ਦੇ ਨਾਲ ਸਾੜਿਆ ਜਾਂਦਾ ਸੀ। ਇਸ ਕਰਕੇ **ਸੁਗੰਧਤਾ** ਅਤੇ **ਯਹੋਵਾਹ ਦੇ ਅੱਗੇ ਸਿਮਰਨ ਲਈ ਜਗਵੇਦੀ ਦੇ ਉੱਤੇ ਸਾੜੇ** ਜਾਣ ਨਾਲ ਇਹ ਉੱਪਰ ਨੂੰ ਉੱਠਦੀ ਸੀ (6: 15; ਵੇਖੋ 2: 2)। (3) ਯਾਜਕ[11] ਨੂੰ ਮੈਦੇ ਦੀ ਬਾਕੀ ਭੇਟ ਵਿੱਚੋਂ ਖਾਣ ਦੀ ਇਜਾਜ਼ਤ ਸੀ। ਇਸ ਨੂੰ **ਪਤੀਰੀ ਰੋਟੀ ਨਾਲ ਪਵਿੱਤਰ ਥਾਂ ਵਿਚ** ਭਾਵ ਡੇਰੇ ਦੇ ਅਹਾਤੇ ਦੇ ਅੰਦਰ ਖਾਧਾ ਜਾਣਾ ਜ਼ਰੂਰੀ ਸੀ। ਪਰਮੇਸ਼ੁਰ ਨੇ ਜ਼ੋਰ ਦਿੱਤਾ ਕਿ ਯਾਜਕ ਵੱਲੋਂ ਖਾਧੀ ਜਾਣ ਵਾਲੀ ਰੋਟੀ ''ਪਤੀਰੀ'' ਹੋਣੀ ਜ਼ਰੂਰੀ ਸੀ (6: 16)।

**ਆਇਤਾਂ 17, 18.** ਅਖੀਰ ਵਿਚ ਵਿਧੀ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਮੈਦੇ ਦੀ ਭੇਟ ਦਾ ਨਿਯਮ ਸਦਾ ਲਈ ਸੀ। ਉਸ ਸਮੇਂ ਤੋਂ ਲੈ ਕੇ ਯਾਜਕਾਂ ਨੂੰ ਮੈਦੇ ਦੀਆਂ ਭੇਟਾਂ ਵਿੱਚੋਂ ਵੱਡਾ ਹਿੱਸਾ ਖਾਣ ਲਈ ਦਿੱਤਾ ਜਾਣਾ ਜ਼ਰੂਰੀ ਸੀ। ''ਯਹੋਵਾਹ ਦੀਆਂ ਅੱਗ ਦੀਆਂ ਭੇਟਾਂ'' ਵਿੱਚੋਂ ਇਹ ਉਨ੍ਹਾਂ ਲਈ ਇੰਤਜ਼ਾਮ ਸੀ।[12] ਇਸ ਸਨਮਾਨ ਨੂੰ ਇਕ ਨੋਟੇਸ਼ਨ ਨਾਲ ਰੇਖਾਂਕਿਤ ਕੀਤਾ ਗਿਆ ਸੀ ਕਿ ਮੈਦੇ ਦੀ ਭੇਟ **ਪਵਿੱਤਰ** ਹੈ (6: 17) ਅਤੇ ਇਸ ਨੂੰ ਛੂਹਣ ਵਾਲੇ ਲੋਕ ਪਵਿੱਤਰ ਹੋਣੇ ਜ਼ਰੂਰੀ ਸਨ। **ਜੋ ਉਨ੍ਹਾਂ ਨੂੰ ਛੋਹੇ ਸੋ ਪਵਿੱਤਰ ਹੋਵੇ** (6: 18) ਜਾਂ ''ਪਵਿੱਤਰ ਬਣੇ'' (NRSV) ਗੁਮਰਾਹ ਕਰਨ ਵਾਲਾ ਹੋ ਸਕਦਾ

ਹੈ। ਇਸ ਦੀ ਥਾਂ ਵਚਨ ਦਾ ਅਰਥ ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ''ਕੋਈ ਵੀ ਜਿਹੜਾ ਇਨ੍ਹਾਂ ਨੂੰ ਛੋਹੇ ਉਹ ਪਵਿੱਤਰ ਅਵਸਥਾ ਵਿਚ ਹੋਵੇ'' (ਵੇਖੋ NKJV)। ਹੱਜਈ 2:11–13 ਦੇ ਅਨੁਸਾਰ, ਪਵਿੱਤਰਤਾਈ (ਅਸ਼ੁੱਧਤਾ ਦੇ ਉਲਟ) ਛੂਤ ਭਾਵ ਲੱਗਣ ਵਾਲੀ ਨਹੀਂ ਸੀ। ਦੂਜੇ ਸ਼ਬਦਾਂ ਵਿਚ ਇਸ ਪਵਿੱਤਰ ਭੇਟ ਨੂੰ ਸਿਰਫ਼ ਯਾਜਕ ਹੀ ਛੂਹ ਸਕਦੇ ਸਨ।[13] ਇਹੀ ਸਮਝ ਲੇਵੀਆਂ 6:27 ਵਿਚ ਇਸ ਨਾਲ ਮਿਲਦੀਆਂ ਜੁਲਦੀਆਂ ਹਦਾਇਤਾਂ ਉੱਤੇ ਲਾਗੂ ਹੋ ਸਕਦੀ ਹੈ।

### ਮੈਦੇ ਦੀਆਂ ਭੇਟਾਂ: ਪ੍ਰਧਾਨ ਯਾਜਕ ਵੱਲੋਂ ਭੇਟ ਕੀਤੇ ਜਾਣਾ (6:19-23)

**19ਯਹੋਵਾਹ ਮੂਸਾ ਨਾਲ ਬੋਲਿਆ ਕਿ 20ਹਾਰੂਨ ਅਤੇ ਉਸ ਦੇ ਪੁੱਤਰਾਂ ਦੀ ਭੇਟ ਜੋ ਉਨ੍ਹਾਂ ਨੂੰ ਉਸ ਦੇ ਮਸਹ ਕਰਨ ਦੇ ਦਿਨ ਵਿੱਚ ਯਹੋਵਾਹ ਦੇ ਅੱਗੇ ਚੜ੍ਹਾਉਣੀ ਹੈ ਸੋ ਇਹ ਹੈ, ਇੱਕ ਸਦਾ ਦੀ ਮੈਦੇ ਦੀ ਭੇਟ ਦੇ ਲਈ ਮੈਦੇ ਦੇ ਇੱਕ ਏਫਾਹ ਦਾ ਦਸਵਾਂ ਹਿੱਸਾ,ਅੱਧਾ ਸਵੇਰ ਨੂੰ ਤੇ ਅੱਧਾ ਰਾਤ ਨੂੰ 21ਇੱਕ ਤਵੀ ਵਿੱਚ ਉਹ ਤੇਲ ਨਾਲ ਬਣਾਈ ਜਾਵੇ ਅਤੇ ਜਾਂ ਪੱਕ ਜਾਏ ਤਾਂ ਤੂੰ ਉਸ ਨੂੰ ਅੰਦਰ ਲੈ ਆਵੀਂ ਅਤੇ ਮੈਦੇ ਦੀ ਭੇਟ ਦੇ ਪਕਾਏ ਹੋਏ ਟੋਟੇ ਤੂੰ ਯਹੋਵਾਹ ਦੇ ਅੱਗੇ ਸੁਗੰਧਤਾ ਕਰਕੇ ਚੜ੍ਹਾਵੀਂ 22ਅਤੇ ਉਸ ਦੇ ਪੁੱਤਰਾਂ ਵਿੱਚੋਂ ਜਿਸ ਜਾਜਕ ਨੂੰ ਉਸ ਦੀ ਥਾਂ ਵਿੱਚ ਮਸਹ ਕਰਨਾ ਹੈ, ਉਸ ਨੂੰ ਚੜ੍ਹਾਵੇ, ਇਹ ਯਹੋਵਾਹ ਦੇ ਅੱਗੇ ਇੱਕ ਸਦਾ ਦੀ ਬਿਧੀ ਹੈ। ਉਹ ਸਮੁੱਚਾ ਸਾੜਿਆ ਜਾਵੇ 23ਕਿਉਂਜੋ ਜਾਜਕ ਦੇ ਲਈ ਸੱਭੇ ਮੈਦੇ ਦੀਆਂ ਭੇਟਾ ਸਮੁੱਚਾ ਸਾੜੀਆਂ ਜਾਣ, ਉਹ ਖਾਧੀਆਂ ਨਾ ਜਾਣ।**

ਅਗਲੇ ਪੈਰ੍ਹੇ ਵਿਚ ਮੈਦੇ ਦੀ ਇਕ ਹੋਰ ਤਰ੍ਹਾਂ ਦੀ ਭੇਟ ਦੱਸੀ ਗਈ ਹੈ ਜਿਹੜੀ ਪ੍ਰਧਾਨ ਯਾਜਕ ਦੇ ਰਾਹੀਂ ਚੜ੍ਹਾਈ ਜਾਂਦੀ ਸੀ।

**ਆਇਤਾਂ 19-23.** ਇਕ ਵਾਰ ਫੇਰ ਇਕ ਨਵੇਂ ਵਿਸ਼ੇ ਦੀ ਚਰਚਾ ਦਾ ਐਲਾਨ ਇਸ ਗੱਲ ਨਾਲ ਹੁੰਦਾ ਹੈ ਕਿ ਅਗਲੇ ਸ਼ਬਦ **ਯਹੋਵਾਹ** ਵੱਲੋਂ **ਮੂਸਾ** ਨੂੰ ਆਖੇ ਗਏ ਸਨ (6:19)। ਇੱਥੇ ਦੱਸੀ ਗਈ ਕੁਰਬਾਨੀ **ਮੈਦੇ ਦੀ ਭੇਟ** ਦੀ ਇਕ ਕਿਸਮ ਹੈ, ਪਰ ਇਹ ਪਹਿਲਾਂ ਦੱਸੀ ਗਈ ਭੇਟ ਨਾਲੋਂ ਇਸ ਗੱਲ ਵਿਚ ਫ਼ਰਕ ਹੈ ਕਿ ਇਹ ਪ੍ਰਧਾਨ ਜਾਜਕ **ਹਾਰੂਨ ਅਤੇ ਉਸ ਦੇ ਪੁੱਤਰਾਂ** ਦੇ ਰਾਹੀਂ ਚੜ੍ਹਾਈ ਜਾਣੀ ਸੀ (6:20)। ਸਾਫ਼ ਹੈ ਕਿ ਪੁੱਤਰ ਉੱਥੇ ਸਨ ਅਤੇ ਇਸ ਨੂੰ ਵੇਖਦੇ ਸਨ; ਪਰ ਵਚਨ ਇਹ ਸੰਕੇਤ ਨਹੀਂ ਦਿੰਦਾ ਕਿ ਉਹ ਮੈਦੇ ਦੀ ਇਸ ਭੇਟ ਦੇ ਚੜ੍ਹਾਏ ਜਾਣ ਵਿਚ ਯੋਗਦਾਨ ਦਿੰਦੇ ਸਨ।

ਭੇਟ ਨੂੰ ਪ੍ਰਧਾਨ ਯਾਜਕ ਦੇ **ਮਸਹ ਕਰਨ ਦੇ ਦਿਨ ਵਿੱਚ**, ਜਾਂ ਪ੍ਰਧਾਨ ਯਾਜਕ ਦੇ ਪਵਿੱਤਰ ਕੀਤੇ ਜਾਣ ਵੇਲੇ **ਯਹੋਵਾਹ ਦੇ ਅੱਗੇ** ਚੜ੍ਹਾਇਆ ਜਾਣਾ ਜ਼ਰੂਰੀ ਸੀ। ਕਲਾਈਡ ਐੱਮ. ਵੂਡਸ ਅਤੇ ਜਸਟਿਸ ਐੱਮ. ਰੋਜਰਸ ਨੇ ਲਿਖਿਆ ਹੈ, ''ਹਾਰੂਨ ਦਾ ਪਵਿੱਤਰ ਕੀਤਾ ਜਾਣਾ ਸੱਤ ਦਿਨ ਤਕ ਚੱਲਦਾ ਸੀ (8:33), ਇਸ ਕਰਕੇ *ਦੇ ਦਿਨ ਵਿਚ* ਅਭਿਵਿਅਕਤੀ ਨੂੰ ਉਤਪਤ 2:4 ਵਾਂਗ ਸਮਝਿਆ ਜਾਵੇ, ਜਿੱਥੇ ਇਸ ਦਾ (ਅਰਥ) 'ਜਿਸ ਦਿਨ' ਹੈ।''[14] ਸੀ. ਐੱਫ਼. ਕੇਲ ਅਤੇ ਐੱਫ਼. ਡੇਲਿਸ਼ ਦੇ ਅਨੁਸਾਰ ਇਹ ਮਸਹ ਕੀਤੇ ਜਾਣ ਦੇ ਸਮਾਰੋਹ ਦੇ ਸਤਵੇਂ ਦਿਨ ਨਹੀਂ ਬਲਕਿ ਰੋਜ਼ ਦੀਆਂ ਸਵੇਰ ਦੀਆਂ ਕੁਰਬਾਨੀਆਂ ਦੇ ਨਾਲ ਜੋੜ ਕੇ ਅਠਵੇਂ ਦਿਨ ਦੇ ਸ਼ੁਰੂ ਵਿਚ (ਕੂਚ 29:38, 39) ਅਤੇ ਅਧਿਆਇ 9 ਵਿਚ ਦੱਸੀ ਭੇਟ ਤੋਂ ਪਹਿਲਾਂ ਚੜ੍ਹਾਈ ਜਾਂਦੀ ਸੀ। ਪੁਰਾਤਨ ਸਰੋਤਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਹਰ ਸਵੇਰ ਅਤੇ ਸ਼ਾਮ ਚੜ੍ਹਾਈ ਜਾਂਦੀ ਸੀ।[15]

**ਇੱਕ ਸਦਾ ਦੀ ਮੈਦੇ ਦੀ ਭੇਟ** (ਮੂਲ ਵਿਚ, ''ਚੱਲਦੀ ਰਹਿਣ ਵਾਲੀ'' ਮੈਦੇ ਦੀ ਭੇਟ) ਵਜੋਂ, ਪਰਮੇਸ਼ੁਰ ਦਾ ਇਰਾਦਾ ਪ੍ਰਧਾਨ ਯਾਜਕ ਦੇ ਪਵਿੱਤਰ ਕੀਤੇ ਜਾਣ ਤੋਂ ਬਾਅਦ ਇਸ ਭੇਟ ਦੇ ਰੋਜ਼ ਦਿੱਤੇ ਜਾਣ ਦਾ ਸੀ (6:20)। ਇਹ ਤੱਥ ਕਿ ਭੇਟ ਦੀ ਸ਼ੁਰੂਆਤ ਦਾ ਸਬੰਧ ਯਾਜਕਾਈ ਦੇ ਥਾਪੇ ਜਾਣ ਨਾਲ

ਜੁੜੀ ਹੋਈ ਸੀ। ਸਾਫ਼ ਤੌਰ ਤੇ ਇਸ ਦੇ ਅਧਿਆਇ 7 ਦੇ ਅੰਤ ਵਿਚ ਦੱਸੇ ਗਏ ''ਯਾਜਕਾਈ ਦੇ ਪਵਿੱਤਰ'' ਠਹਿਰਾਏ ਜਾਣ ਨਾਲ ਜੋੜਦਾ ਸੀ।

ਇਸ ਕਰਕੇ ਰੋਜ਼ ਆਪਣੇ (ਅਤੇ ਯਾਜਕਾਈ ਲਈ) ਮੈਦੇ ਦੀ ਭੇਟ ਦੀ ਕੁਰਬਾਨੀ ਚੜ੍ਹਾਉਣਾ ਪ੍ਰਧਾਨ ਯਾਜਕ ਦੀ ਜ਼ਿੰਮੇਵਾਰੀ ਦਾ ਹਿੱਸਾ ਬਣ ਗਿਆ। ਇਸ ਭੇਟ ਵਿਚ **ਤੇਲ** ਮਿਲਿਆ **ਇੱਕ ਏਫਾਹ ਦਾ ਦਸਵਾਂ ਹਿੱਸਾ** (ਲਗਭਗ ਅੱਠ ਕੱਪ) **ਤਵੀ ਵਿਚ** ਤੇਲ ਦੀ ਭੇਟ ਹੁੰਦੀ ਸੀ। ਇਸ ਨਾਲ ਇਹ ਇੱਕ ਰੋਟੀ ਬਣ ਜਾਂਦੀ ਸੀ; ਇਸ ਵਿੱਚੋਂ ਅੱਧਾ ਹਿੱਸਾ **ਸਵੇਰ ਨੂੰ** ਵੇਦੀ ਉੱਤੇ ਸਾੜਿਆ ਜਾਣਾ ਹੁੰਦਾ ਸੀ ਅਤੇ ਬਾਕੀ ਦਾ ਅੱਧਾ ਹਿੱਸਾ **ਰਾਤ ਨੂੰ** ਸਾੜਿਆ ਜਾਣਾ ਹੁੰਦਾ ਸੀ (6:20, 21)। ਰੋਟੀ **ਯਹੋਵਾਹ ਦੇ ਅੱਗੇ ਇੱਕ ਸਦਾ ਦੀ ਬਿਧੀ ਹੈ। ਉਹ** ਦਾ **ਸਮੁੱਚਾ ਸਾੜਿਆ** ਜਾਣਾ ਜ਼ਰੂਰੀ ਸੀ (6:22)। ਮੈਦੇ ਦੀਆਂ ਹੋਰ ਭੇਟਾਂ ਵਿੱਚੋਂ ਇਨ੍ਹਾਂ ਵਿੱਚੋਂ ਕੋਈ ਵੀ *[ਯਾਜਕਾਂ]* ਵੱਲੋਂ **ਖਾਧੀਆਂ** ਨਹੀਂ ਜਾਣੀਆਂ ਚਾਹੀਦੀਆਂ ਸਨ। ਉਹ ਉਨ੍ਹਾਂ ਵੱਲੋਂ ਚੜ੍ਹਾਈਆਂ ਗਈਆਂ ਕੁਰਬਾਨੀਆਂ ਵਿੱਚੋਂ ਖਾਣ ਲਈ ਜਾਂ ਉਨ੍ਹਾਂ ਵਿੱਚੋਂ ਫ਼ਾਇਦਾ ਲੈਣ ਲਈ ਨਹੀਂ ਸਨ (6:23)।

## ਪਾਪ ਬਲੀਆਂ: ਯਾਜਕਾਂ ਦੀ ਜ਼ਿੰਮੇਵਾਰੀ (6:24-30)

**24ਯਹੋਵਾਹ ਮੂਸਾ ਨਾਲ ਬੋਲਿਆ ਕਿ 25ਹਾਰੂਨ ਅਤੇ ਉਸ ਦੇ ਪੁੱਤਰਾਂ ਨਾਲ ਬੋਲ ਕਿ ਪਾਪ ਦੀ ਭੇਟ ਦੀ ਬਿਵਸਥਾ ਇਹ ਹੈ, ਜਿੱਥੇ ਹੋਮ ਦੀ ਭੇਟ ਕੱਟੀ ਜਾਂਦੀ ਹੈ ਉੱਥੇ ਪਾਪ ਦੀ ਭੇਟ ਭੀ ਯਹੋਵਾਹ ਦੇ ਅੱਗੇ ਕੱਟੀ ਜਾਏ, ਇਹ ਅੱਤ ਪਵਿੱਤਰ ਹੈ 26ਜਿਹੜਾ ਜਾਜਕ ਉਸ ਨੂੰ ਪਾਪ ਦੇ ਲਈ ਚੜ੍ਹਾਵੇ ਸੋ ਉਸ ਨੂੰ ਖਾਵੇ, ਉਹ ਮੰਡਲੀ ਦੇ ਡੇਰੇ ਦੇ ਚੌਪਟੇ ਵਿੱਚ ਪਵਿੱਤਰ ਥਾਂ ਵਿੱਚ ਖਾਧੀ ਜਾਵੇ 27ਜੋ ਕੁਝ ਉਸ ਦੇ ਮਾਸ ਨੂੰ ਛੋਹੇ ਸੋ ਪਵਿੱਤਰ ਹੋਵੇ ਅਤੇ ਜੇ ਉਸ ਦੇ ਲਹੂ ਦੀ ਕਿਸੇ ਲੀੜੇ ਉੱਤੇ ਛਿੱਟ ਪੈ ਜਾਵੇ ਤਾਂ ਤੂੰ ਉਸ ਨੂੰ ਜਿਸ ਦੇ ਉੱਤੇ ਛਿੱਟ ਪਈ ਪਵਿੱਤਰ ਥਾਂ ਵਿੱਚ ਧੋ ਸੁੱਟੀਂ 28ਪਰ ਮਿੱਟੀ ਦੀ ਹਾਂਡੀ ਜਿਸ ਦੇ ਵਿੱਚ ਉਹ ਰਿੰਨ੍ਹਿਆ ਹੈ ਸੋ ਭੰਨੀ ਜਾਏ ਅਤੇ ਜੇ ਉਹ ਕਿਸੇ ਪਿੱਤਲ ਦੀ ਹਾਂਡੀ ਵਿੱਚ ਰਿੰਨ੍ਹਿਆ ਹੋਵੇ ਤਾਂ ਨਾਲੇ ਉਸ ਨੂੰ ਮਾਂਜਣ ਨਾਲੇ ਪਾਣੀ ਨਾਲ ਧੋਣਾ 29ਜਾਜਕਾਂ ਵਿੱਚੋਂ ਸੱਭੇ ਪੁਰਖ ਉਸ ਤੋਂ ਖਾਣ। ਇਹ ਅੱਤ ਪਵਿੱਤਰ ਹੈ 30ਅਤੇ ਕੋਈ ਪਾਪ ਦੀ ਭੇਟ ਜਿਸ ਦਾ ਕੁਝ ਲਹੂ ਮੰਡਲੀ ਦੇ ਡੇਰੇ ਵਿੱਚ ਪਵਿੱਤਰ ਥਾਂ ਵਿੱਚ ਪ੍ਰਾਸਚਿਤ ਕਰਨ ਲਈ ਆਂਦਾ ਜਾਵੇ, ਨਾ ਖਾਣਾ, ਉਹ ਅੱਗ ਵਿੱਚ ਸਾੜਿਆ ਜਾਵੇ।**

ਪਾਪ ਦੀਆਂ ਭੇਟਾਂ ਦੀ ਗੱਲ ਕਰਦਿਆਂ ਯਹੋਵਾਹ ਨੇ ਮੂਸਾ ਨੂੰ ਯਾਜਕਾਂ ਦੇ ਹੱਕਾਂ ਅਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਹਦਾਇਤਾਂ ਦੇਣਾ ਜਾਰੀ ਰੱਖਿਆ।

**ਆਇਤਾਂ 24-30.** ਇਹ ਵਿਸ਼ਾ ਜਾਣੇ ਪਛਾਣੇ ਫ਼ਾਰਮੂਲੇ **ਯਹੋਵਾਹ ਮੂਸਾ ਨਾਲ ਬੋਲਿਆ** ਦੇ ਨਾਲ ਸ਼ੁਰੂ ਹੁੰਦਾ ਹੈ। ਇਕ ਵਾਰ ਫੇਰ ਯਹੋਵਾਹ ਨੇ ਸਾਬਿਤ ਕਰ ਦਿੱਤਾ ਕਿ ਸੰਦੇਸ਼ ਖ਼ਾਸ ਤੌਰ ਤੇ **ਹਾਰੂਨ ਅਤੇ ਉਸ ਦੇ ਪੁੱਤਰਾਂ** ਭਾਵ ਯਾਜਕਾਂ ਲਈ ਸੀ।

ਪਾਪ ਦੀਆਂ ਭੇਟਾਂ ਸਬੰਧੀ ਪਰਮੇਸ਼ੁਰ ਦੇ ਮੂਲ ਨਿਰਦੇਸ਼ਾਂ ਵਿਚ ਇਹ ਦੱਸਿਆ ਗਿਆ ਸੀ ਕਿ ਹੋਮ ਬਲੀ ਦੀ ਜਗਵੇਦੀ ਉੱਤੇ ਕੀ ਚੜ੍ਹਾਇਆ ਜਾਵੇ (ਵੇਖੋ ਲੇਵੀਆਂ 4)। ਇਸ ਵਾਧੂ ਭਾਗ ਵਿਚ, ਉਸ ਨੇ ਜ਼ੋਰ ਦਿੱਤਾ ਕਿ ਜਗਵੇਦੀ ਉੱਤੇ ਪਾਪ ਦੀ ਭੇਟ ਦੇ ਉਸ ਹਿੱਸੇ ਦਾ ਜਿਹੜਾ ਹਿੱਸਾ ਸੜਿਆ ਨਾ ਹੋਵੇ, ਕੀ ਕਰਨਾ ਹੈ।

ਬੁਨਿਆਦੀ ਤੌਰ ਤੇ ਸੰਦੇਸ਼ ਇਹ ਹੈ ਕਿ ਯਾਜਕਾਂ ਦੀ ਜ਼ਿੰਮੇਵਾਰੀ ਜਗਵੇਦੀ ਉੱਤੇ ਪਾਪ ਦੀ ਅਣਸੜੀ ਭੇਟ ਵਾਲਾ ਹਿੱਸਾ ਖਾ ਲੈਣਾ ਜ਼ਰੂਰੀ ਸੀ। **ਜਿਹੜਾ ਜਾਜਕ ਉਸ ਨੂੰ ਪਾਪ ਦੇ ਲਈ ਚੜ੍ਹਾਵੇ ਉਸ ਨੂੰ ਖਾਣ** ਦਾ ਹੱਕ ਸੀ (6:26), ਅਤੇ ਇਹੀ ਹੱਕ ਯਾਜਕਾਂ ਦੇ ਪਰਿਵਾਰ ਦੇ **ਸਭੇ ਪੁਰਖਾਂ** ਨੂੰ ਵੀ ਸੀ (6:29)।

ਇਸ ਸਬੰਧ ਵਿਚ ਯਾਜਕਾਂ ਦੇ ਇਖ਼ਤਿਆਰ ਨੂੰ ਦੋ ਹੱਦਾਂ ਨਾਲ ਸੀਮਿਤ ਕੀਤਾ ਗਿਆ ਸੀ। (1) ਪਾਪ ਦੀ ਭੇਟ ਦੇ ਆਪਣੇ ਹਿੱਸੇ ਨੂੰ ਉਹ ਡੇਰੇ ਦੇ **ਚੌਪਟੇ ਵਿੱਚ ਪਵਿੱਤਰ ਥਾਂ** ਵਿਚ ਹੀ ਖਾ ਸਕਦਾ ਸੀ (6:26)। (2) ਉਹ ਪਾਪ ਦੀ ਹਰ ਭੇਟ ਵਿੱਚੋਂ ਜਿਸ ਦਾ ਲਹੂ ਮੰਡਲੀ ਦੇ ਡੇਰੇ ਵਿਚ **ਪਵਿੱਤਰ ਥਾਂ ਵਿਚ ਪ੍ਰਾਸਚਿਤ ਕਰਨ ਲਈ** ਲਿਆਂਦਾ ਗਿਆ ਹੋਵੇ, ਨਹੀਂ ਖਾ ਸਕਦਾ ਸੀ (6:30)। ਲੇਵੀਆਂ ਦੀ ਪੋਥੀ ਵਿਚ ਹੁਣ ਤਕ ਦੱਸੀਆਂ ਗਈਆਂ ਕੁਰਬਾਨੀਆਂ ਵਿੱਚੋਂ, ਪਾਪ ਦੀਆਂ ਦੋ ਤਰ੍ਹਾਂ ਦੀਆਂ ਭੇਟਾਂ ਵਿਚ ਯਾਜਕ ਦੇ ਪਰਦੇ ਦੇ ਸਾਹਮਣੇ ਛਿੜਕਣ ਲਈ **ਮੰਡਲੀ ਦੇ ਡੇਰੇ** ਵਿਚ ਕੁਰਬਾਨੀ ਵਿੱਚੋਂ **ਲਹੂ** ਲੈਣਾ ਸ਼ਾਮਲ ਸੀ: ''ਮਸਹ ਕੀਤੇ ਯਾਜਕ'' ਲਈ ਪਾਪ ਦੀ ਭੇਟ ਅਤੇ ''ਸਾਰੀ ਮੰਡਲੀ'' ਲਈ ਪਾਪ ਦੀ ਭੇਟ (4:1–21)। ਹੋਰਨਾਂ ਮਾਮਲਿਆਂ ਵਿਚ ਯਹੋਵਾਹ ਦੇ ਨਿਰਦੇਸ਼ਾਂ ਵਿਚ ਇਹ ਸਾਫ਼ ਸੀ ਕਿ ਜਗਵੇਦੀ ਉੱਤੇ ਜਾਨਵਰ ਦੇ ਅਣਸੜੇ ਹਿੱਸੇ ਡੇਰੇ ਦੇ ਬਾਹਰ ਲਿਜਾ ਕੇ ਉੱਥੇ ਸਾੜੇ ਜਾਣ, ਨਾ ਕਿ ਯਾਜਕ ਵੱਲੋਂ ਖਾਧੇ ਜਾਣ।

ਇਹ ਹਵਾਲਾ ਪਾਪ ਦੀ ਭੇਟ ਦੇ ਪਵਿੱਤਰ ਹੋਣ ਬਾਰੇ ਵੀ ਜਾਣਕਾਰੀ ਦਿੰਦਾ ਹੈ। ਇਹ ਤਸਦੀਕ ਕਰਦਾ ਹੈ ਕਿ ਪਾਪ ਦੀ ਭੇਟ **ਅੱਤ ਪਵਿੱਤਰ** ਸੀ (6:25)। ਸਾਫ਼ ਹੈ ਕਿ ਇਹ ਪਾਪੀ ਲਈ ਪ੍ਰਾਸਚਿਤ ਕਰਨ ਲਈ ਯਹੋਵਾਹ ਦੇ ਅੱਗੇ ਪੇਸ਼ ਕੀਤੀ ਜਾਂਦੀ ਸੀ, ਇਸ ਕਰਕੇ ਇਸ ਵਿਚ ਯਹੋਵਾਹ ਦੀ ਪਵਿੱਤਰਤਾਈ ਆ ਜਾਂਦੀ ਸੀ।

ਪਾਪ ਦੀ ਭੇਟ ਦਾ ਮਾਸ ''ਅੱਤ ਪਵਿੱਤਰ'' ਸੀ, ਇਸ ਕਰਕੇ NASB ਵਿਚ ਕਿਹਾ ਗਿਆ ਹੈ ਕਿ ਇਹ ਉਹਨੂੰ **ਜੋ ਉਸ ਦੇ ਮਾਸ ਨੂੰ ਛੂਹੇ** ਪਵਿੱਤਰ ਕਰ ਦਿੰਦੀ ਸੀ (6:27)। ਆਇਤ 18 ਵਾਂਗ ਇਸ ਆਇਤ ਦਾ ਸ਼ਾਇਦ ਵਧੇਰੇ ਸਹੀ ਅਨੁਵਾਦ ਇਹ ਹੋਵੇਗਾ ''ਕੋਈ ਵੀ ਜਿਹੜਾ ਇਸ ਦੇ ਮਾਸ ਨੂੰ ਛੂਹੇ ਉਹ ਪਵਿੱਤਰ ਹਾਲਤ ਵਿਚ ਹੋਵੇ।''[16] NKJV ਵਿਚ ਦਿੱਤੇ ਅਨੁਵਾਦ ਤੋਂ ਇਸ ਸਮਝ ਨੂੰ ਸਮਰਥਨ ਮਿਲਦਾ ਹੈ: ''ਹਰ ਕੋਈ ਜਿਹੜਾ ਇਸ ਦੇ ਮਾਸ ਨੂੰ ਛੂਹੇ ਸੋ ਪਵਿੱਤਰ ਹੋਵੇ।''

ਯਹੋਵਾਹ ਦੀਆਂ ਹਦਾਇਤਾਂ ਵਿਚ ਇਹ ਵੀ ਕਿਹਾ ਗਿਆ ਕਿ ਭੇਟ ਪਵਿੱਤਰ ਸੀ, ਇਸ ਕਰਕੇ ਜੇ **ਉਸ ਦੇ ਲਹੂ ਦੀ ਕਿਸੇ ਲੀੜੇ ਉੱਤੇ ਛਿਟ ਪੈ ਜਾਵੇ** ਤਾਂ ਉਹਨੂੰ **ਪਵਿੱਤਰ ਥਾਂ ਵਿਚ** ਧੋਤਾ ਜਾਵੇ (6:27)। ਵਿਚਾਰ ਇਹ ਹੈ ਕਿ ਪਵਿੱਤਰ ਬਲੀਦਾਨ ਦੇ ਲਹੂ ਨਾਲ ਲਿੱਬੜੇ ਕੱਪੜੇ ਦਾ ਕਿਸੇ ਆਮ ਜਾਂ ਅਸ਼ੁੱਧ ਵਸਤੁ ਦੇ ਸੰਪਰਕ ਵਿਚ ਆਉਣਾ ਗ਼ਲਤ ਹੋਣਾ ਸੀ। ਇਸ ਕਰਕੇ ਉਸ ਕੱਪੜੇ ਨੂੰ ਦੁਬਾਰਾ ਪਾਉਣ ਤੋਂ ਪਹਿਲਾ, ਉਸ ਉੱਤੋਂ ਪਵਿੱਤਰ ਲਹੂ ਨੂੰ ਲਾਹੁਣਾ ਜ਼ਰੂਰੀ ਸੀ।

ਭੇਟ ਦੀ ਪਵਿੱਤਰਤਾ ਉਨ੍ਹਾਂ ਭਾਂਡਿਆਂ ਨੂੰ ਪ੍ਰਭਾਵਿਤ ਕਰਦੀ ਸੀ ਜਿਨ੍ਹਾਂ ਵਿਚ ਪਾਪ ਦੀ ਭੇਟ ਦਾ ਮਾਸ ਉਬਾਲਿਆ ਜਾਂਦਾ ਸੀ ਕਿ ਯਾਜਕ ਉਹਨੂੰ ਖਾ ਸਕਣ। ਜੇ ਭਾਂਡਾ ਮਿੱਟੀ ਦਾ ਹੋਵੇ ਤਾਂ ਇਸ ਨੂੰ ਮਾਸ ਪਕਾਏ ਜਾਣ ਤੋਂ ਬਾਅਦ ਅਤੇ ਖਾ ਲਏ ਜਾਣ ਤੋਂ ਬਾਅਦ ਭੰਨਿਆ ਜਾਣਾ ਜ਼ਰੂਰੀ ਸੀ ਤਾਂ ਜੋ ਉਹਨੂੰ ਦੁਬਾਰਾ ਨਾ ਵਰਤਿਆ ਜਾਵੇ। ਮਿੱਟੀ ਵਿਚ ਉਸ ਮਾਸ ਦੇ ਕੁਝ ਅੰਸ਼ ਜਜ਼ਬ ਹੋ ਜਾਂਦੇ ਹੋਣਗੇ ਜਿਹੜਾ ਇਸ ਵਿਚ ਪਕਾਇਆ ਗਿਆ ਸੀ ਅਤੇ ਉਹਨੂੰ ਦੁਬਾਰਾ ਵਰਤਿਆ ਜਾਣ ਤੇ ਉਸ ਮਾਸ ਦੀ ਪਵਿੱਤਰਤਾਈ ਕਿਸੇ ਆਮ ਜਾਂ ਅਸ਼ੁੱਧ ਭੋਜਨ ਦੇ ਸੰਪਰਕ ਵਿਚ ਆ ਜਾਣੀ ਸੀ। ਜੇ ਭਾਂਡਾ ਪਿੱਤਲ ਜਾਂ ਕਹੇਂ ਦਾ ਹੁੰਦਾ ਤਾਂ ਇਸ ਨੂੰ **ਮਾਂਜਣਾ ਅਤੇ ਪਾਣੀ ਨਾਲ ਧੋਣਾ** ਜ਼ਰੂਰੀ ਸੀ (6:28)। ਫੇਰ ਨਿਯਮ ਇਹ ਸੀ ਕਿ ਜਿਹੜੀ ਵੀ ਚੀਜ਼ ਪਵਿੱਤਰ ਸੀ, ਇੱਥੇ ਕੁਰਬਾਨ ਕੀਤੇ ਜਾਨਵਰ ਦਾ ਲਹੂ ਅਤੇ ਮਾਸ ਹੈ, ਉਹ ਕਿਸੇ ਆਮ ਜਾਂ ਅਸ਼ੁੱਧ ਚੀਜ਼ ਕਿਸੇ ਵੀ ਤਰੀਕੇ ਨਾ ਸੰਪਰਕ ਵਿਚ ਨਾ ਆਵੇ। ਕਿਉਂ ਜੋ ਯਾਜਕ ਪਰਮੇਸ਼ੁਰ ਲਈ ਪਵਿੱਤਰ ਸਨ, ਇਸ ਕਰਕੇ ਉਹ ਕਿਸੇ ਪਵਿੱਤਰ ਥਾਂ ਵਿਚ ਉਸ ਪਵਿੱਤਰ ਬਲਿਦਾਨ ਵਿੱਚੋਂ ਖਾ ਸਕਦੇ ਸਨ; ਪਰ ਇਹ ਯਕੀਨੀ ਬਨਾਉਣ ਲਈ ਕਿ ਪਵਿੱਤਰ ਕੁਰਬਾਨੀ ਕਿਸੇ ਵੀ ਚੀਜ਼ ਨਾਲ ਜਿਹੜੀ ਪਵਿੱਤਰ ਨਾ ਹੋਵੇ ਸੰਪਰਕ ਵਿਚ ਨਾ ਆਵੇ (ਅਣਜਾਣਪੁਣੇ ਵਿਚ ਵੀ ਨਹੀਂ), ਕਦਮ ਚੁੱਕਣੇ ਜ਼ਰੂਰੀ ਸਨ।

## ਪ੍ਰਾਸੰਗਿਕਤਾ

**ਯਾਜਕ, ਪ੍ਰਚਾਰਕ ਅਤੇ ਕੁਰਬਾਨੀ (ਅਧਿਆਇ 6)**

ਨਵੇਂ ਨੇਮ ਦੇ ਯੁੱਗ ਵਿਚ ਪ੍ਰਚਾਰਕ ਮੂਸਾ ਦੇ ਨੇਮ ਦੇ ਤਹਿਤ ਯਾਜਕਾਈ ਦੇ ਬਰਾਬਰ ਨਹੀਂ ਹਨ। ਮੂਸਾ ਦੀ ਸ਼ਰ੍ਹਾ ਦੇ ਪ੍ਰਭਾਵੀ ਹੋਣ ਦੇ ਕਾਲ ਦੌਰਾਨ ਯਾਜਕਾਂ ਨੂੰ ਖ਼ਾਸ ਤੌਰ ਤੇ ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਵਿਚੋਲੇ ਬਣਨ ਲਈ ਥਾਪਿਆ ਜਾਂਦਾ ਸੀ। ਇਸ ਯੁੱਗ ਵਿਚ ਮਸੀਹ ਸਾਡਾ ਪ੍ਰਧਾਨ ਯਾਜਕ ਹੈ ਅਤੇ ਉਹ ਸਾਡੀ ਤਰਫ਼ੋਂ ਪਰਮੇਸ਼ੁਰ ਅੱਗੇ ਸਿਫ਼ਾਰਿਸ਼ ਕਰਨ ਲਈ ਸੁਰਗ ਵਿਚ ਜੀਉਂਦਾ ਹੈ (1 ਤਿਮੋਥਿਉਸ 2:5; ਇਬਰਾਨੀਆਂ 7:25; 1 ਯੂਹੰਨਾ 2:1)।

ਨਵੇਂ ਨੇਮ ਦੀ ਕਲੀਸੀਆ ਵਿਚ ਖ਼ਾਸ ਤੌਰ ਤੇ ਆਰਡੇਨ ਕੀਤੇ ਗਏ ''ਪ੍ਰੀਸਟਾਂ'' ਜਾਂ ਯਾਜਕਾਂ ਦੀ ਥਾਂ ਹਰ ਮਸੀਹੀ ਯਾਜਕ ਹੈ (1 ਪਤਰਸ 2:5, 9)। ਜੇ ਤੁਸੀਂ ਮਸੀਹੀ ਹੋ ਤਾਂ ਆਪਣੇ ਵੱਲੋਂ ਪਰਮੇਸ਼ੁਰ ਅੱਗੇ ਸਿਫ਼ਾਰਿਸ਼ ਕਰਨ ਲਈ ਤੁਹਾਨੂੰ ਕਿਸੇ ਦੀ ਲੋੜ ਨਹੀਂ ਹੈ; ਤੁਸੀਂ ਆਪ ਹੀ ਯਾਜਕ ਹੋ। ਮਸੀਹੀ ਲੋਕਾਂ ਨੂੰ ਬਾਈਬਲ ਦਾ ਨਿਯਮ ਯਾਦ ਰੱਖਣਾ ਜ਼ਰੂਰੀ ਹੈ ਜੋ ਕਿ ਸੁਧਾਰ (ਪ੍ਰੋਟੈਸਟੈਂਟ ਮੂਵਮੈਂਟ – ਅਨੁਵਾਦਕ) ਦੀਆਂ ਬੁਨਿਆਦੀ ਧਾਰਣਾਵਾਂ ਵਿੱਚੋਂ ਇਕ ਇਹ ਸੀ ਕਿ ਕਲੀਸੀਆ ਦੇ ''ਸਾਰੇ ਵਿਸ਼ਵਾਸੀ ਯਾਜਕ'' ਹਨ।

ਯਹੂਦੀ ਯਾਜਕਾਂ ਅਤੇ ਸੰਭਵ ਤੌਰ ਤੇ ਬੁੱਤਪ੍ਰਸਤ ਪੁਰੋਹਿਤਾਂ ਦੀ ਗੱਲ ਕਰਦਿਆਂ ਪੌਲੁਸ ਨੇ ਪ੍ਰਚਾਰਕਾਂ ਨੂੰ ਯਾਜਕਾਂ ਨਾਲ ਮਿਲਾਇਆ, ਜਦ ਉਸ ਨੇ ਲਿਖਿਆ:

> ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜਿਹੜੇ ਧਰਮ ਦੀ ਸੇਵਾ ਕਰਦੇ ਹਨ ਓਹ ਹੈਕਲ ਦਿਆਂ ਪਦਾਰਥਾਂ ਵਿੱਚੋਂ ਹੀ ਖਾਂਦੇ ਹਨ ਅਤੇ ਜਿਹੜੇ ਜਗਵੇਦੀ ਦੀ ਸੇਵਾ ਕਰਦੇ ਹਨ ਜਗਵੇਦੀ ਤੋਂ ਹੀ ਛਾਂਦਾ ਲੈਂਦੇ ਹਨ। ਇਸੇ ਪਰਕਾਰ ਪ੍ਰਭੂ ਨੇ ਖੁਸ਼ ਖਬਰੀ ਦੇ ਪ੍ਰਚਾਰਕਾਂ ਲਈ ਭੀ ਇਹ ਥਾਪਿਆ ਹੈ ਭਈ ਓਹ ਖੁਸ਼ ਖਬਰੀ ਤੋਂ ਹੀ ਗੁਜ਼ਾਰਾ ਕਰਨ (1 ਕੁਰਿੰਥੀਆਂ 9:13, 14)।

ਪੌਲੁਸ ਦੇ ਅਨੁਸਾਰ, ਪ੍ਰਚਾਰਕ ਯਾਜਕ ਦੇ ਵਰਗਾ ਇਸ ਗੱਲ ਵਿਚ ਹੈ ਕਿ ਜਿਵੇਂ ਯਾਜਕ ਨੂੰ ਜਗਵੇਦੀ ਉੱਤੇ ਦਿੱਤੀ ਕੁਰਬਾਨੀ ਦਾ ਮਾਸ ਖਾਣ ਦੀ ਇਜਾਜ਼ਤ ਸੀ, ਉਵੇਂ ਹੀ ਪ੍ਰਚਾਰਕਾਂ ਦੀ ਮਦਦ ਉਨ੍ਹਾਂ ਲੋਕਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ ਜਿਹੜੇ ਉਨ੍ਹਾਂ ਦੇ ਪ੍ਰਚਾਰ ਤੋਂ ਫ਼ਾਇਦਾ ਲੈਂਦੇ ਹਨ। ਇਹ ਤੱਥ ਪ੍ਰਚਾਰਕਾਂ ਨੂੰ ''ਪਵਿੱਤਰ ਯਾਜਕ'' ਜਾਂ ''ਕਲਰਜੀ/ਪਾਦਰੀ'' ਦੇ ਰੂਪ ਵਿਚ ਅਲਹਿਦਾ ਹੋਣ ਨੂੰ ਸਹੀ ਨਹੀਂ ਠਹਿਰਾਉਂਦਾ, ਜਿਵੇਂ ਕਿ ਉਹ ਉਨ੍ਹਾਂ ਨਾਲੋਂ ਜਿਨ੍ਹਾਂ ਨੂੰ ਉਹ ਵਚਨ ਸੁਣਾਉਂਦੇ ਹਨ, ਚੰਗੇ ਹੋਣ।

**ਪਾਪ ਦੇ ਨਤੀਜੇ (ਅਧਿਆਇ 6)**

ਤੋਬਾ ਲਈ ਮੁਆਵਜ਼ਾ ਜ਼ਰੂਰੀ ਹੈ। ਜੇ ਮੁਆਵਜ਼ਾ ਮੁਮਕਿਨ ਨਾ ਹੋਵੇ, ਜਿਵੇਂ ਖਰ੍ਹਵੇ, ਅਲੋਚਨਾਤਮਕ ਬੋਲਾਂ ਦੇ ਮਾਮਲੇ ਵਿਚ? ਇਨ੍ਹਾਂ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਜੇ ਅਸੀਂ ਝੂਠ ਬੋਲੀਏ ਜਾਂ ਕੁਝ ਅਜਿਹਾ ਕਹੀਏ ਜਿਹੜਾ ਕਿਸੇ ਨੂੰ ਦੁੱਖ ਪਹੁੰਚਾਉਣ ਵਾਲਾ ਹੋਵੇ ਤਾਂ ਸਾਨੂੰ ਮਾਫ਼ੀ ਮੰਗਣੀ ਚਾਹੀਦੀ ਹੈ; ਪਰ ਸਾਡੇ ਖੁਣਸੀ ਬੋਲਾਂ ਨਾਲ ਕਿਸੇ ਦੇ ਜ਼ਖ਼ਮ ਸਦਾ ਲਈ ਰਹਿ ਸਕਦੇ ਹਨ। ਖ਼ੁਦਾ ਸਾਨੂੰ ਮਾਫ਼ ਕਰੇਗਾ ਜਦ ਅਸੀਂ ਅਜਿਹੇ ਪਾਪ ਤੋਂ ਤੋਬਾ ਕਰਕੇ ਉਹਨੂੰ ਮੰਨ ਲਈਏ; ਪਰ ਉਸ ਪਾਪ ਦੇ ਦੁੱਖਦਾਈ ਨਤੀਜੇ ਰਹਿਣਗੇ ਹੀ।

ਇਸ ਪਾਪ ਤੋਂ ਬਚਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਜਵਾਬ ਸਾਫ਼ ਹੈ ਕਿ ਸਾਨੂੰ ਬੋਲਣ ਤੋਂ ਪਹਿਲਾਂ ਸੋਚਣਾ ਜ਼ਰੂਰੀ ਹੈ; ਸਾਨੂੰ ਆਪਣੀ ਜ਼ਬਾਨ ਦੀ ਰਾਖੀ ਕਰਨੀ ਜ਼ਰੂਰੀ ਹੈ। ਯਾਕੂਬ 3:6–8 ਬੇਲਗਾਮ ਜੀਭ ਦਾ ਵਰਣਨ ਕਰਦਾ ਹੈ: ''ਜੀਭ ਵੀ ਇਕ ਅੱਗ ਹੈ! ਸਾਡਿਆਂ ਅੰਗਾਂ ਵਿਚ ਕੁਧਰਮ

ਦੀ ਦੁਨੀਆਂ ਜੀਭ ਹੈ ਜਿਹੜੀ ਸਾਰੀ ਦੇਹੀ ਨੂੰ ਦਾਗ ਲਾਉਂਦੀ ਅਤੇ ਭਵਚੱਕਰ ਨੂੰ ਅੱਗ ਲਾ ਦਿੰਦੀ ਹੈ ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ!'' ਇਸ ਨੂੰ ''ਚੰਚਲ ਬਲਾ,'' ''ਨਾਸ ਕਰਨ ਵਾਲੀ, ਵਿੱਸ ਨਾਲ ਭਰੀ ਹੋਈ'' ਦੱਸਿਆ ਗਿਆ ਹੈ। ਸਾਨੂੰ ਉਹੀ ਕਰਨਾ ਚਾਹੀਦਾ ਹੈ ਜਿਸ ਦੀ ਸਲਾਹ ਯਾਕੂਬ ਨੇ ਦਿੱਤੀ ਹੈ ਕਿ ''ਸੁਣਨ ਵਿਚ ਕਾਹਲਾ ਅਤੇ ਬੋਲਣ ਵਿਚ ਧੀਰਾ ਅਤੇ ਕ੍ਰੋਧ ਵਿਚ ਵੀ ਧੀਰਾ'' ਬਣੋ (ਯਾਕੂਬ 1:19)।

---

ਟਿੱਪਣੀਆਂ

[1]ਅੰਗ੍ਰੇਜ਼ੀ [ਅਤੇ ਪੰਜਾਬੀ ਬਾਈਬਲ – ਅਨੁਵਾਦਕ] ਦਾ ਲੇਵੀਆਂ 6:1 ਇਬਰਾਨੀ ਬਾਈਬਲ, ਮੇਸੋਰੀ ਟੈਕਸਟ (MT) ਵਿਚ 5:20 ਹੈ। [2]ਆਰ. ਲੇਅਰਡ ਹੈਰਿਸ ਦੀ ਟਿੱਪਣੀ ਹੈ, ''[ਪੁਰਾਣੇ ਨੇਮ ਦਾ] ਨਿਯਮ ਇਹ ਨਹੀਂ ਸੀ, ਕਿ 'ਜਿਸ ਨੂੰ ਲੱਭੇ ਉਹੀ ਮਾਲਕ' ਬਲਕਿ ਇਹ ਸੀ ਕਿ ਲੱਭੀ ਹੋਈ ਚੀਜ਼ ਉਸ ਦੇ ਮਾਲਕ ਨੂੰ ਮੋੜਨੀ ਜ਼ਰੂਰੀ ਸੀ (ਕੂਚ 22:9; 23:4; ਬਿਵਸਥਾ ਸਾਰ 22:1–3)। ਇੱਥੇ ਦੱਸਿਆ ਗਿਆ ਪਾਪ ਦੋਹਰਾ ਹੈ: ਇਸ ਵਿਚ ਲੱਭੀ ਹੋਈ ਚੀਜ਼ ਨਾ ਮੋੜਨ ਦੇ ਨਾਲ–ਨਾਲ ਇਸ ਨਾਲ ਸਬੰਧਿਤ ਝੂਠ ਬੋਲਣਾ ਵੀ ਹੈ'' (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ–ਗਿਣਤੀ*, ਸੰਪਾ. ਫ੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990], 552 ਵਿਚ ਆਰ. ਲੇਅਰਡ ਹੈਰਿਸ, ''ਲੇਵੀਆਂ ਦੀ ਪੋਥੀ।'') [3]*ਹਾਰਪਰ'ਜ਼ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ (ਸੈਨ ਫ੍ਰਾਂਸਿਸਕੋ: ਹਾਰਪਰ ਐਂਡ ਰੋਅ, 1988), 162 ਵਿਚ ਜੌਨ ਐੱਚ. ਹੇਅਸ, ''ਲੇਵੀਆਂ ਦੀ ਪੋਥੀ।'' [4]ਰਿਚਰਡ ਈ. ਐਵਰਬੈਕ ਨੇ ਲਿਖਿਆ ਹੈ ਕਿ ''ਕੁਝ ਵਿਦਵਾਨਾਂ ਨੇ ਦਲੀਲ ਦਿੱਤੀ ਹੈ ਕਿ ਦੋਸ਼ ਦੀ ਭੇਟ ਸਿਰਫ਼ ਉਦੋਂ ਲਿਆਈ ਜਾਂਦੀ ਸੀ ਜਦੋਂ ਕਿਸੇ ਦੀ ਜਾਇਦਾਦ ਤੇ ਨਜਾਇਜ਼ ਕਬਜ਼ਾ ਹੁੰਦਾ ਸੀ ਕਿਉਂ ਜੋ ਇਸ ਵਿਚ ਉਸ ਮਾਮਲੇ ਨਾਲ ਸਬੰਧਿਤ ਝੂਠੀ ਸਹੁੰ ਖਾਣ ਨਾਲ ਪਰਮੇਸ਼ੁਰ ਦੇ ਨਾਂਅ ਦਾ ਉਲੰਘਣ ਵੀ ਜੁੜਿਆ ਸੀ।'' ਇਹ ਧਿਆਨ ਦੁਆਉਂਦਿਆਂ ਕਿ 6:3 ਵਿਚ ''ਲਿਆਂਦੀ ਗਈ ਦੋਸ਼ ਬਲੀ ਨਾਲ ਪ੍ਰਾਸਚਿਤ ਅਤੇ ਮਾਫ਼ੀ ਨਾਲ 'ਕਿਸੇ ਵੀ ਗੱਲ ਦੀ ਜਿਸ ਨੇ ਉਸ ਨੂੰ ਦੋਸ਼ੀ ਬਣਾਇਆ' ਉਲੰਘਣਾ ਨੂੰ ਠੀਕ ਕਰਨ ਦੀ ਗੱਲ ਤੋਂ'' ਐਵਰਬੈਕ ਆਪ ਅਸਹਿਮਤ ਸੀ, ਜੋ ਝੂਠੀ ਸਹੁੰ ਖਾ ਕੇ ਨਿਰ੍ਹੀ ਖ਼ੁਦਾ ਦੇ ਨਾਮ ਦੀ ਉਲੰਘਣਾ ਹੀ ਨਹੀਂ ਸੀ (*ਡਿਕਸ਼ਨਰੀ ਆਫ਼ ਦ ਓਲਡ ਟੈਸਟਾਮੈਂਟ: ਪੈਂਟਾਟਿਊਕ*, ਸੰਪਾ. ਟੀ. ਡੇਸਮੰਡ ਐਲਗਜ਼ੈਂਡਰ ਐਂਡ ਡੇਵਿਡ ਡਬਲਯੂ. ਬੇਕਰ [ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 2003], 721 ਵਿਚ ਰਿਚਰਡ ਈ. ਐਵਰਬੈਕ, ''ਸੈਕਰਿਫ਼ਾਈਸਜ਼ ਐਂਡ ਆਫ਼ਰਿੰਗਜ਼'')। [5]ਇਹ ਜਾਇਜ਼ ਸੀ ਕਿ ਕਿਸੇ ਦੇ ਦੋਸ਼ ਦੀ ਸਜ਼ਾ ਚੁਕਾਉਣ ਲਈ ਲੇਲਾ ਵਰਤਿਆ ਜਾਵੇ। ਐੱਸ. ਐੱਚ. ਕੈਲੋਗ ਨੇ ਦੱਸਿਆ ਹੈ, ''ਭੇਡ,ਅਤੇ ਖ਼ਾਸ ਕਰਕੇ ਲੇਲੇ ਨਿਰੇ ਇਬਰਾਨੀਆਂ ਵਿਚ ਹੀ ਨਹੀਂ ਬਲਕਿ ਅਰਬੀਆਂ, ਰੋਮੀਆਂ ਅਤੇ ਹੋਰ ਪ੍ਰਾਚੀਨ ਲੋਕਾਂ ਵਿਚਕਾਰ, ਆਮ ਤੌਰ ਤੇ ਕਰਜ਼ਾ ਲਾਹੁਣ ਦੇ ਮਾਧਿਅਮ ਦੇ ਰੂਪ ਵਿਚ ਆਮ ਤੌਰ ਤੇ, ਅਤੇ ਖ਼ਾਸ ਤੌਰ ਤੇ ਕੁਰਬਾਨੀ ਦੇਣ ਲਈ ਵਰਤੇ।'' ਉਸ ਨੇ 2 ਰਾਜਿਆਂ 3:4 ਅਤੇ ਯਸਾਯਾਹ 16:1 ਵਿੱਚੋਂ ਦੁਹਰਾਇਆ। (ਐੱਸ. ਐੱਚ. ਕੈਲੋਗ, *ਦ ਬੁਕ ਆਫ਼ ਲੇਵਿਟਿਕਸ*, ਜਿਲਦ 2ਜੀ [ਪੰਨਾ ਰਹਿਤ: ਏ. ਸੀ. ਆਰਮਸਟ੍ਰੌਂਗ ਐਂਡ ਸਨ, 1899; ਰੀਪ੍ਰਿੰਟ, ਮਿਨਿਆਪੋਲਿਸ: ਕਲੌਕ ਐਂਡ ਕਲੌਕ ਕ੍ਰਿਸਚਿਅਨ ਪਬਲੀਸ਼ਰਜ਼, 1978], 161–162.) [6]ਹੋਰਨਾਂ ਸੰਸਕਰਣਾਂ ਵਿਚ ਆਇਤ ਦੇ ਪਹਿਲੇ ਭਾਗ ਦਾ ਅਨੁਵਾਦ ਅਲੱਗ ਤਰੀਕੇ ਨਾਲ ਕੀਤਾ ਗਿਆ ਹੈ: ''ਕਿਉਂ ਜੋ ਉਸ ਨੇ ਪਾਪ ਕੀਤਾ ਅਤੇ ਉਹ ਦੋਸ਼ੀ ਹੈ'' (NKJV); ''ਜਦ ਕਿਸੇ ਨੇ ਪਾਪ ਕੀਤਾ ਤਾਂ ਉਹ ਦੋਸ਼ੀ ਬਣ ਗਿਆ'' (RSV); ''ਜੇ ਉਹ ਪਾਪ ਕਰੇ ਅਤੇ ਇਸ ਤਰ੍ਹਾਂ ਨਾਲ ਜਵਾਬਦੇਹ ਬਣ ਜਾਵੇ'' (NJB)। [7]ਅੰਗ੍ਰੇਜ਼ੀ [ਵਾਂਗ ਪੰਜਾਬੀ–ਅਨੁਵਾਦਕ] ਦਾ ਲੇਵੀਆਂ 6:8 ਇਬਰਾਨੀ ਬਾਈਬਲ ਵਿਚ 6:1 ਹੈ। [8]6:8 ਦਾ ਫ਼ਾਰਮੂਲਾ 6:19 ਵਿਚ ਮਿਲਦਾ ਹੈ ਜੋ ਇਹ ਅਰਥ ਦਿੰਦਾ ਹੈ ਕਿ 6:8–18 ਨੂੰ ਕਿਸੇ ਖ਼ਾਸ ਵਿਸ਼ੇ ਉੱਤੇ

ਖ਼ੁਦਾ ਦਾ ਮੁਕਾਸ਼ਫ਼ਾ ਦੇਣ ਦੀ ਇਕਾਈ ਵਜੋਂ ਮੰਨਿਆ ਜਾਣਾ ਚਾਹੀਦਾ ਹੈ। [9]ਸੁਆਹ ਲਈ ਇਬਰਾਨੀ ਸ਼ਬਦ (***deshen***, *ਡੇਸ਼ਨ*) ਦਾ ਮੂਲ ਅਰਥ ਹੈ ''ਚਰਬੀ ਦੀ ਸੁਆਹ।'' [10]ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1980), 122.

[11]ਨਿਯਮ ਸਾਫ਼ ਹੈ ਕਿ ''ਹਾਰੂਨ ਦੀ ਸੰਤਾਨ ਵਿੱਚੋਂ ਸੱਭੇ ਪੁਰਸ਼'' ਮੈਦੇ ਦੀ ਭੇਟ ਦੇ ਬਾਕੀ ਹਿੱਸੇ ਨੂੰ ਖਾਣ ਲਈ ਯੋਗ ਸਨ। [12]''ਮੈਦੇ ਦੀ ਭੇਟ'' ਭਾਵੇਂ ਆਪਣੇ ਆਪ ਵਿਚ ਲਹੂ ਦੀ ਕੁਰਬਾਨੀ ਨਹੀਂ ਸੀ, ਪਰ ਇਹ ਲਹੂ ਦੀਆਂ ਕੁਰਬਾਨੀਆਂ ਦੇ ਨਾਲ ਬੜੀ ਨਜ਼ਦੀਕੀ ਨਾਲ ਜੁੜੀ ਹੋਈ ਸੀ। ਇਹ ਓਸੇ ਅੱਗ ਉੱਤੇ ਸਾੜੀ ਜਾਂਦੀ ਸੀ ਜਿਸ ਉੱਤੇ ਜਾਨਵਰਾਂ ਦਾ ਮਾਸ ਅਤੇ ਲਹੂ ਸਾੜਿਆ ਜਾਂਦਾ ਸੀ (ਜਾਨਵਰਾਂ ਦੀਆਂ ਕੁਰਬਾਨੀਆਂ ਦੇ ਨਾਲ ਆਮ ਤੌਰ ਤੇ ਦਿੱਤੇ ਜਾਣ ਦੇ ਨਾਲ ਨਾਲ) ਅੰਤ ਵਿਚ ਉਸ ਵੇਦੀ ਉੱਤੇ ਦਿੱਤੇ ਗਏ ਜਾਨਵਰਾਂ ਦੀਆਂ ਕੁਰਬਾਨੀਆਂ ਨਾਲ ਰਲ ਜਾਂਦੀਆਂ ਸਨ। [13]ਬਾਰੂਕ ਏ. ਲੇਵਾਈਨ, *ਲੇਵੀਆਂ ਦੀ ਪੋਥੀ*, ਦ ਜੇਪੀਐੱਸ ਟੋਰਾਹ ਕਮੈਂਟਰੀ (ਫ਼ਿਲਾਡੈਲਫ਼ੀਆਃ ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 1989), 38. [14]ਕਲਾਈਡ ਐੱਮ. ਵੁਡਸ ਐਂਡ ਜਸਟਿਨ ਐੱਮ. ਰੋਜਰਸ, *ਲੇਵੀਆਂ ਦੀ ਪੋਥੀ–ਗਿਣਤੀ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀਃ ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2006), 66. [15]ਸੀ. ਐੱਫ਼. ਕੇਲ ਐਂਡ ਐੱਫ਼. ਡੇਲਿਸ਼, *ਦ ਪੈਂਟਾਟਿਊਕ*, ਜਿਲਦ 2, ਅਨੁਵਾਦ ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1959), 320; ਦੇਖੋ ਸਿਰਾਚ 45:14 (NAB); ਜੋਸੇਫ਼ਸ *ਐਂਟਿਕੁਇਟੀਜ਼* 3.10.7. [16]ਲੇਵਾਇਨ, 40.